੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ
# Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੩੭ ਜਿਲਦ ੩੦ ੨੪-੩੦ ਸਤੰਬਰ ੨੦੨੦, ੯-੧੫ ਅੱਸੂ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 37 Volume 30, 24-30 September 2020
Yearly Subscription India 250/-, Abroad 2500/- and Life Membership India 2500/-, Abroad 25000/-

**ਪਿਆਨਾ ਦਿਵਸ ਡਾ. ਬਲਬੀਰ ਸਿੰਘ : 1 ਅਕਤੂਬਰ**

## ਬਾਬਾ ਰਕਤ ਦੇਵ

❖ ਡਾ. ਬਲਬੀਰ ਸਿੰਘ

ਇਕ ਦੂਰ ਪਿੰਡ ਵਿਚ ਰਕਤ ਦੇਵ ਨਾਮ ਦਾ ਸਾਧੂ ਰਹਿੰਦਾ ਸੀ। ਇਹ ਅਨੇਕ ਪ੍ਰਕਾਰ ਦੇ ਤਪ ਕਰਦਾ ਸੀ। ਹਰ ਕਿਸਮ ਦੇ ਆਸਣ ਲਗਾਉਣੇ, ਪ੍ਰਾਣਾਯਾਮ ਕਰਨਾ ਅਤੇ ਹੋਰ ਹਠ ਯੋਗ ਦੇ ਸਾਧਨ ਇਸ ਦੇ ਸੁਭਾਵ-ਭੂਤ ਹੋ ਗਏ ਸਨ। ਇਕ ਦਿਨ ਜੇਠ ਦੇ ਮਹੀਨੇ ਦੁਪਹਿਰ ਵੇਲੇ ਧੁਪ ਵਿਚ ਇਹ ਆਸਣ-ਦ੍ਰਿੜ ਬੈਠਾ ਸੀ, ਕਿ ਇਸ ਨੂੰ ਐਉਂ ਲਗਾ ਕਿ ਸਰੀਰ ਨੂੰ ਅੱਗ ਲਗ ਪਈ ਹੈ ਤੇ ਲੂਆਂ ਵਿਚੋਂ ਚਿਣਗਾਰੀਆਂ ਫੁਟ ਰਹੀਆਂ ਹਨ।

ਰਕਤ ਦੇਵ ਆਪਣੇ ਆਸਣ ਤੋਂ ਘਬਰਾ ਕੇ ਉਠਿਆ। ਸਾਰੇ ਪਿੰਡੇ ਉਤੇ ਹੱਥ ਫੇਰਕੇ ਦੇਖਿਆ, ਕੋਈ ਅੱਗ ਨਹੀਂ ਸੀ, ਨਾ ਹੀ ਕੋਈ ਲੂੰ ਝੁਲਸਿਆ ਸੀ। ਥੋੜਾ ਠੰਡਾ ਹੋਣ ਲਈ ਰਕਤ ਦੇਵ ਆਪਣੀ ਹਨੇਰੀ ਕੁਟੀਆ ਵਿਚ ਜਾ ਬੈਠਾ। ਜਾਂ ਅੱਖ ਮੀਟੀ ਸੂ ਤਾਂ ਅੰਦਰ ਚਾਨਣਾ ਦਿੱਸਣ ਲਗਾ, ਹਰ ਇਕ ਨਾੜੀ ਵਿਚੋਂ ਚਿੰਗਾਰੀ ਫੁਟਦੀ ਨਜ਼ਰ ਪਈ, ਸਿਰ ਵਿਚ ਐਉਂ ਲਗਾ ਕਿ ਆਤਸ਼ਬਾਜ਼ੀ ਦਾ ਅਨਾਰ ਚਲ ਰਿਹਾ ਹੈ। ਫੇਰ ਅੱਖ ਖੋਲ੍ਹ ਦਿੱਤੀ, ਕੋਠੜੀ ਵਿਚ ਹਨੇਰਾ ਸੀ, ਸਲ੍ਹਾਬੇ ਦੀ ਬੂ ਸੀ, ਗਿੱਲੀ ਠੰਡ ਸੀ।

ਰਕਤ ਦੇਵ ਲਈ ਮੁਸ਼ਕਲ ਬਣ ਗਈ, ਅੱਖ ਖੋਲ੍ਹੇ ਤਾਂ ਧੁੰਦਲਾ ਹਨੇਰਾ ਦਿੱਸਦਾ ਸੀ। ਦੁਪਹਿਰ ਵੇਲੇ ਵੀ ਚੀਜ਼ਾਂ ਸਾਫ ਨਹੀਂ ਦਿਸਦੀਆਂ ਸਨ। ਐਉਂ ਲਗਦਾ ਸੀ ਸੰਝਾਂ ਦੇ ਪਰਛਾਵੇਂ ਹਿਲਜੁਲ ਰਹੇ ਹਨ। ਇਹ ਤਾਂ ਖੁੱਲ੍ਹੀ ਅੱਖ ਵੇਲੇ ਹਾਲ ਸੀ। ਮੀਟੀ ਅੱਖ ਵੇਲੇ ਅੰਦਰ ਲੋ ਦਿੱਸਦੀ ਸੀ, ਕੁਝ ਚਿਣਗਾਰੀਆਂ ਲਿਸ਼ਕ ਉਠਦੀਆਂ, ਫੇਰ ਖ਼ੂਨ ਦਾ ਭਖਦਾ ਲਾਲ ਰੰਗ ਨਾੜਾਂ ਵਿਚ ਚਲਦਾ ਭਾਸਣ ਲੱਗ ਜਾਂਦਾ ਸੀ।

ਕਈ ਵਰ੍ਹੇ ਬੀਤ ਗਏ, ਅਨੇਕ ਹੋਰ ਸਾਧਨ ਕੀਤੇ, ਕਈ ਸਿੱਧੀਆਂ ਵੱਸ ਕੀਤੀਆਂ। ਇਕ ਦਿਨ ਰਕਤ ਦੇਵ ਨੂੰ ਐਉਂ ਝੌਲਾ ਪਿਆ ਕਿ ਮਾਂ ਕੋਲ ਖੜੋਤੀ ਹੈ। ਉਹ ਸੁਪਨੇ ਵਿਚ ਹੀ ਹੈਰਾਨ ਜਿਹਾ ਹੋ ਗਿਆ। ਮਾਂ ਮੋਈ ਨੂੰ ਉਮਰ ਲੰਘ ਚੁਕੀ ਸੀ। ਹੁਣ ਇਹ ਪਰਛਾਵੇਂ ਵਾਕੁਣ ਸੁੱਕੀ ਹੋਈ ਮਾਂ ਫੇਰ ਉਸ ਦੇ ਪਾਸ ਖੜੀ ਸੀ ਤੇ ਕਹਿ ਰਹੀ ਸੀ:-

"ਬੱਚਾ, ਘਬਰਾ ਨਾ, ਤੇਰੀ ਇਛਾ ਪੂਰੀ ਹੋ ਗਈ। ਮੈਂ ਅੰਨ੍ਹੀ ਸਾਂ, ਤੂੰ ਮੇਰੇ ਇਲਾਜ ਲਈ ਜੋਗੀਆਂ ਕੋਲ ਜਾਂਦਾ ਸੈਂ, ਮੈਨੂੰ ਹੀ ਅੱਖਾਂ ਦੇਣ ਲਈ ਤੂੰ ਸਿੱਧਾਂ ਦੀਆਂ ਕੰਦਰਾਂ ਵਿਚ ਵੜਿਆ ਰਹਿੰਦਾ ਸੈਂ। ਤੂੰ ਏਸ ਤਰ੍ਹਾਂ ਘਰੋਂ ਉੱਜੜ ਗਿਓਂ, ਮੈਂ ਮਰ ਗਈ, ਅੰਨ੍ਹੀ ਹੀ ਮਰ ਗਈ; ਤੂੰ ਭੁੱਲ ਗਿਓਂ ਕਿ ਕਿਸ ਖ਼ਾਤਰ ਤਪ ਕੀਤੇ, ਤੇ ਕਿਸ ਲਈ ਘਾਲਾਂ ਘਾਲੀਆਂ। ਤੂੰ ਸੂਰਜ ਦੇ ਸਾਮ੍ਹਣੇ ਆਸਣ ਜਮਾ ਕੇ ਬੈਠਣ ਨਾਲ ਅਪਾਣੀਆਂ ਅੱਖਾਂ ਵਿਗਾੜ ਲਈਆਂ ਹਨ, ਪਰ ਤੇਰੇ ਖ਼ੂਨ ਵਿਚ ਉਸ ਦਾ ਚਾਨਣ ਵੜ ਗਿਆ ਹੈ ਜੋ ਮੁੜ ਅੰਨ੍ਹੀਆਂ ਅੱਖਾਂ ਦੀ ਜੋਤਿ ਹਰੀ ਕਰ ਸਕਦਾ ਹੈ। ਲੈ ਬੱਚਾ, ਇਹ ਸੂਈ ਲੈ, ਤੇ ਆਪਣੀ ਉਂਗਲ ਵਿਚੋਂ ਇਕ ਤੁਪਕਾ ਲਹੂ ਦਾ ਕੱਢ ਲੈ, ਮਾਂ ਦੀਆਂ ਅੱਖਾਂ ਉਤੇ ਇਹ ਤੁਪਕਾ ਲਾ ਦੇਹ, ਇਕੋ ਤੁਪਕਾ, ਕਿ ਉਸ ਦੇ ਤਿਹਾਏ ਨੈਣ ਖੁਲ੍ਹ ਜਾਣ, ਉਹ ਦਿਲ ਭਰਕੇ ਤੈਨੂੰ ਦੇਖ ਲਵੇ ਤੇ ਜਨਮਾਂ ਜਨਮਾਂ ਦੀ ਸੱਧਰ ਲਾਹ ਲਵੇ।"

ਰਕਤ ਦੇਵ ਦੀ ਜਾਗ ਖੁੱਲ੍ਹ ਗਈ, ਉਹ ਘਬਰਾ ਗਿਆ, ਬਉਰਾ ਗਿਆ, ਐਧਰ ਉਧਰ ਦੌੜਨ ਲੱਗਾ। ਦੂਜੇ ਪਿੰਡ ਵਿਚ ਇਕ ਅੰਨ੍ਹਾ ਰਹਿੰਦਾ ਸੀ, ਜਾ ਉਸ ਕੋਲ ਪਹੁੰਚਾ। ਕਿਕਰ ਦੀ ਇਕ ਸੂਲ ਮਾਰਕੇ ਆਪਣੀ ਜ਼ਖਮੀ ਚੀਚੀ ਅੰਨ੍ਹੇ ਦੀਆਂ ਝਿੰਮਣੀਆਂ ਉਤੇ ਫੇਰ ਦਿਤੀ ਸੂ। ਅੰਨ੍ਹੇ ਨੇ ਹਰੇ ਰਾਮ! ਹਰੇ ਰਾਮ ਕਰਦਿਆਂ ਅੱਖ ਖੋਲ੍ਹ ਦਿਤੀ।

ਰਕਤ ਦੇਵ ਖੁਸ਼ ਸੀ। ਉਸ ਦੇ ਡੌਲੇ ਫਰਕਦੇ ਸਨ, ਉਸ ਨੂੰ ਆਪਣੀਆਂ ਬਾਹਾਂ ਵਿਚ ਸ਼ਕਤੀ ਉਮਡਦੀ ਭਾਸਦੀ ਸੀ। ਉਸ ਨੂੰ ਆਪਣੀਆਂ ਅੱਖਾਂ ਵਿਚ ਉਗ ਰਹੇ ਸੂਰਜ ਦੀ ਲਾਲੀ ਦੀ ਨਿੱਘ ਪ੍ਰਤੀਤ ਹੁੰਦੀ ਸੀ। ਉਸ ਨੂੰ ਆਪਣੀ ਜੀਭ ਉਤੇ 'ਵਰ ਦਾਤੀ' ਸਮ੍ਰੱਥਾ ਭੁੜਕ ਰਹੀ ਮਾਲੂਮ ਹੁੰਦੀ ਸੀ, ਜਿਸ ਨੂੰ ਜ਼ੋਰ ਨਾਲ ਦੰਦਾਂ ਵਿਚ ਦਬਾਈ ਰਖਣ

### ਅੰਦਰ

- ਭਾਈ ਰੂਪ ਚੰਦ ਦਾ ਸਿੱਖ ਇਤਿਹਾਸ 'ਚ ਸਥਾਨ 4
- ਸੰਤ ਬਿਮਲਾ ਸਿੰਘ : ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ 5
- Vision of Truth 7
- ਡਾ. ਬਲਬੀਰ ਸਿੰਘ ਨੂੰ ਯਾਦ ਕਰਦਿਆਂ 9
- ਸੌ ਸਾਲ ਪਹਿਲਾਂ : ਚੀਫ ਖਾਲਸਾ ਦੀਵਾਨ ਤੇ ਗੁਰਦੁਆਰਾ... 10
- ਸ਼ਬਦ ਵਿਆਖਿਆ 11
- ਰਿਪੋਰਟ : ਨਾਵਲ **ਪੜਤਾਲ** ਤੇ ਗੋਸ਼ਟੀ 12

ਦਾ ਉਹ ਯਤਨ ਕਰਦਾ ਰਹਿੰਦਾ ਸੀ। ਹਾਂ ਰਕਤ ਦੇਵ ਖੁਸ਼ ਸੀ। ਉਸ ਨੂੰ ਕਰਾਮਾਤ ਨਸੀਬ ਹੋ ਗਈ। ਉਸ ਦੀ ਘੋਰ ਤਪੱਸਜਾ ਫਲੀਭੂਤ ਹੋ ਗਈ। ਉਸ ਦੀ ਮਨੋਕਾਮਨਾ ਪੂਰੀ ਹੋ ਗਈ, ਉਸ ਨੂੰ ਸਿੱਧੀ ਪ੍ਰਾਪਤ ਹੋ ਗਈ।

ਰਕਤ ਦੇਵ ਹੁਣ ਜ਼ਮੀਨ ਉਤੇ ਟੁਰਨ ਵਾਲਾ ਮਨੁੱਖ ਨਹੀਂ ਸੀ। ਉਹ ਫਰਿਸ਼ਤਾ ਸੀ ਜੋ ਭੌਂ ਤੋਂ ਗਿੱਠ ਉੱਚਾ ਟੁਰਦਾ ਹੈ। ਉਹ ਹੁਣ ਉਤਸ਼ਾਹ ਭਰਪੂਰ ਦੇਉਤਾ ਸੀ, ਜਿਸ ਦੀ ਜੀਭ ਉਤੇ ਸੁਰੱਸਤੀ, ਅੱਖ ਵਿਚ ਸੂਰਜ ਤੇ ਬਾਂਹ ਵਿਚ ਚੰਡੀ ਦਾ ਭੁਜ-ਬਲ ਵਸਦਾ ਸੀ।

ਰਕਤ ਦੇਵ ਦੇ ਚੇਲੇ ਪਹਿਲੇ ਹੀ ਕਾਫੀ ਸਨ, ਹੁਣ ਹੋਰ ਵਾਧਾ ਹੋ ਗਿਆ। ਉਹ ਚੇਲੇ ਜੋ ਡੋਲਦੇ ਰਹਿੰਦੇ ਸਨ ਦ੍ਰਿੜ੍ਹ ਵਿਸ਼ਵਾਸੀ ਹੋ ਗਏ। ਉਸ ਦੀ ਕਰਾਮਾਤ ਦਾ ਥਲਕਾ ਮਚ ਗਿਆ। ਰਕਤ ਦੇਵ ਦੀ ਕੁਟੀਆ ਇਕ ਯਾਤ੍ਰਾ-ਅਸਥਾਨ ਬਣ ਗਈ। ਕਈ ਕਿਸਮ ਦੇ ਲੋਕ ਆਉਣ ਜਾਣ ਲਗ ਪਏ: ਕੁਛ ਸ਼ਰਧਾਲੂ, ਕੁਛ ਅੰਨ੍ਹੇ, ਕੁਛ ਤਮਾਸ਼ਬੀਨ। ਇਕ ਮੇਲਾ ਜਿਹਾ ਲਗਾ ਰਹਿੰਦਾ। ਇਕ ਦਿਨ ਰਕਤ ਦੇਵ ਦਾ ਜਨਮ ਉਤਸਵ ਮਨਾਇਆ ਜਾ ਰਿਹਾ ਸੀ। ਬਹੁਤ ਲੋਕ ਸ਼ਰਧਾ ਭਰਪੂਰ ਆ ਰਹੇ ਸਨ। ਜਨਮ ਦਿਨ ਦੀ ਡੌਂਡੀ ਬੜੀ ਦੂਰ ਦੂਰ ਤਕ ਪਿਟਾਈ ਜਾ ਚੁਕੀ ਸੀ। ਇਹ ਇਸ਼ਤਿਹਾਰਬਾਜ਼ੀ ਕਈ ਮਹੀਨਿਆਂ ਤੋਂ ਸ਼ੁਰੂ ਸੀ, ਜੋ ਇਕ ਦੂਜੇ ਤੋਂ ਵਧ ਚੜ੍ਹ ਕੇ ਚੇਲਿਆਂ ਵਲੋਂ ਪੂਰਨ ਉਤਸ਼ਾਹ ਵਿਚ ਕੀਤੀ ਗਈ ਸੀ।

ਕੋਈ ਸੋਚ ਨਹੀਂ ਸਕਦਾ ਕਿ ਇਸ ਸਮਾਗਮ ਉਪਰ ਕਿਤਨੀ ਜਨਤਾ ਇਕੱਠੀ ਹੋਈ। ਰਕਤ ਦੇਵ ਖੁਸ਼ੀ ਨਾਲ ਇਕ ਇਕ ਕਤਰਾ ਖ਼ੂਨ ਦਾ ਵੰਡ ਰਿਹਾ ਸੀ। ਲੈਣ ਵਾਲਿਆਂ ਦੀ ਗਿਣਤੀ ਵਧਦੀ ਜਾਂਦੀ ਸੀ। ਓਹ ਉਮਡ ਉਮਡ ਕੇ ਆ ਰਹੇ ਸਨ। ਮੰਗਤਿਆਂ ਦਾ ਵਾਹੋ-ਦਾਹੀ ਹੜ੍ਹ ਆ ਗਿਆ ਜੋ ਰਕਤ ਦੇਵ ਦੀ ਕੁਟੀਆ ਦੇ ਆਸੇ ਪਾਸੇ ਫੈਲ ਗਿਆ। ਆਵਾਜ਼ ਆ ਰਹੀ ਸੀ। ਐਉਂ ਲਗਦਾ ਸੀ ਬੱਦਲ ਦੀ ਗਰਜ ਵਿਚੋਂ ਘਨਘੋਰ ਸੱਦ ਉਠ ਰਹੀ ਹੈ 'ਬਾਬਾ ਇਕ ਤੁਪਕਾ ਖ਼ੂਨ'।

ਰਕਤ ਦੇਵ ਉਂਗਲਾਂ ਛਿੱਲੀ ਜਾਂਦਾ ਸੀ ਤੇ ਤੁਪਕੇ ਵੰਡੀ ਜਾਂਦਾ ਸੀ। ਉਂਗਲਾਂ ਰੱਤਹੀਨ ਹੋ ਗਈਆਂ ਤੇ ਸੁਕੀਆਂ ਭਿੰਡੀਆਂ ਵਾਕਨ ਆਕੜ ਗਈਆਂ। ਮੰਗ ਜਾਰੀ ਸੀ। ਉਹ ਹੋਰ ਵਧ ਰਹੀ ਸੀ। ਲੈਣ ਵਾਲੇ ਅੰਨ੍ਹੇ ਸਨ। ਤਮਾਸ਼ਬੀਨ ਹੱਸ ਰਹੇ ਸਨ। ਸੁਜਾਖੇ ਸ਼ਰਧਾ ਦੇ ਗੀਤ ਗਾ ਰਹੇ ਸਨ।

ਰਕਤ ਦੇਵ ਘਬਰਾ ਗਿਆ, ਹੁਣ ਕਰੇ ਤੇ ਕੀ ਕਰੇ, ਨੱਸਣ ਦਾ ਕੋਈ ਰਾਹ ਨਹੀਂ ਸੀ। ਕੰਨਾਂ ਵਿਚ ਆਵਾਜ਼ ਗੂੰਜ ਰਹੀ ਸੀ, 'ਬਾਬਾ ਇਕ ਤੁਪਕਾ', 'ਬਾਬਾ ਇਕ ਤੁਪਕਾ'। ਜਿਉਂ ਜਿਉਂ ਖ਼ੂਨ ਘਟਦਾ ਸੀ ਆਵਾਜ਼ ਉੱਚੀ ਤੇ ਤੀਬਰ ਹੁੰਦੀ ਜਾਂਦੀ ਸੀ। ਰਕਤ ਦੇਵ ਨੇ ਲਾਚਾਰ ਹੋ ਕੇ ਬਾਂਹ ਦੀ ਨਾੜ ਕੱਟੀ ਤੇ ਫੇਰ ਤੁਪਕਾ ਤੁਪਕਾ ਵੰਡਣ ਲਗ ਪਿਆ। ਕਤਰਾ ਕਤਰਾ ਖ਼ੂਨ ਵਗੀਂਦਾ ਵੰਡੀਂਦਾ ਜਾਂਦਾ ਸੀ, ਪਰ ਤੁਪਕਿਆਂ ਦੀ ਮੰਗ ਪੂਰੀ ਨਹੀਂ ਸੀ ਹੁੰਦੀ। ਬਾਂਹ ਸੁੱਕ ਗਈ, ਸਰੀਰ ਦਾ ਸਾਰਾ ਲਹੂ ਵਗ ਗਿਆ, ਦਿਲ ਦੀ ਹਰਕਤ ਬੰਦ ਹੋ ਗਈ। ਰਕਤ ਦੇਵ ਦਾ "ਖ਼ੂਨ" ਹੋ ਗਿਆ। ਲੱਖਾਂ ਹੀ ਅੰਨ੍ਹੇ ਆਏ ਹੋਏ ਨਿਰਾਸ ਮੁੜ ਗਏ ਤੇ ਆਪਣੀ ਕਿਸਮਤ ਉਤੇ ਅਫਸੋਸ ਕਰਦੇ ਹੱਥ ਮਲਦੇ ਚਲੇ ਗਏ।

ਇਹ ਇਕ ਨਿਰੀ ਦਿਲ ਬਹਿਲਾਵੇ ਦੀ ਕਹਾਣੀ ਨਹੀਂ, ਨਾ ਹੀ ਇਹ ਕੇਵਲ ਹਮਦਰਦੀ ਦੀ ਇਕ ਵਿਅਰਥ ਉਕਸਾਹਟ ਜਨਕ ਘਟਨਾ ਹੈ। ਇਹ ਇਕ ਡੂੰਘੀ ਸੋਚ ਉਤਪਾਦਕ ਕਥਾ ਹੈ ਜੋ ਪਾਠਕਾਂ ਦੇ ਗੂੜ੍ਹ ਧਜਾਨ ਦੀ ਮੁਥਾਜ ਹੈ।

ਲੋੜ ਹੈ ਕਿ ਅਸੀਂ ਏਸ ਗੱਲ ਉਪਰ ਗੰਭੀਰ ਵਿਚਾਰ ਕਰੀਏ ਕਿ ਅਸੀਂ ਸਾਧਾਂ ਸੰਤਾਂ ਨੂੰ ਕਿਸ ਲਈ ਮਿਲਦੇ ਹਾਂ? ਕੀ ਸਾਡਾ ਮੇਲ ਮਿਲਾਪ ਕਰਾਮਾਤਾਂ ਦੇ ਚਮਤਕਾਰ ਦੀ ਖਿੱਚ ਦੇ ਆਧਾਰ ਉਪਰ ਹੈ? ਕੀ ਫਕੀਰਾਂ ਨੂੰ ਮਿਲਣਾ ਕੇਵਲ ਉਨ੍ਹਾਂ ਦੀ ਸਿੱਧੀ ਦੀ ਪ੍ਰਾਪਤੀ ਤੋਂ ਫਾਇਦਾ ਉਠਾਉਣ ਲਈ ਹੈ? ਫੇਰ ਜ਼ਰੂਰਤ ਹੈ ਕਿ ਅਸੀਂ ਏਸ ਗੱਲ ਨੂੰ ਵੀ ਸੋਚੀਏ ਕਿ ਸਾਡੀ ਮੰਗ, ਚਾਹੇ ਉਹ ਕੇਵਲ ਇਕ ਤੁਪਕੇ ਮਾਤ੍ਰ ਲਈ ਹੀ ਹੋਵੇ, ਉਸ ਦਾ ਮਿਲਵਾਂ ਅਸਰ ਦੇਣ ਵਾਲੇ ਫਕੀਰ ਉਪਰ ਕੀ ਹੈ?

ਉਪਰਲੇ ਪ੍ਰਸ਼ਨ ਬੜੇ ਗੰਭੀਰ ਹਨ। ਇਨ੍ਹਾਂ ਦੀ ਵਿਚਾਰਧਾਰਾ ਨਾਲ ਇਕ ਵਡੀ ਪੁਸਤਕ ਰਚੀ ਜਾ ਸਕਦੀ ਹੈ। ਸੰਖੇਪ ਤੌਰ ਤੇ ਸਮਝਣ ਲਈ ਜੇ ਇਤਨੀ ਕੁ ਗੱਲ ਸਾਡੇ ਪੱਲੇ ਪੈ ਜਾਵੇ ਕਿ ਆਪਣੇ ਆਪ ਦੀ ਕੁਰਬਾਨੀ ਦੇ ਕੀ ਅਰਥ ਹਨ ਤੇ ਕਰਾਮਾਤ ਦਾ ਮੂਲਕ ਸਿਧਾਂਤ ਕੀ ਹੈ ਤਾਂ ਏਸ ਚਾਬੀ ਨਾਲ, ਏਸ ਮਾਸਟਰ ਕੁੰਜੀ (Master Key) ਨਾਲ ਸਾਰੇ ਪ੍ਰਸ਼ਨਾਂ ਦੇ ਬੰਦ ਜੰਦਰੇ ਖੁਲ੍ਹ ਜਾਣਗੇ:-

ਕਰਾਮਾਤ ਬਾਬਤ ਏਮਰਸਨ (Emerson) ਨੇ ਕਿਹਾ ਸੀ:-

Self sacrifice is the real miracle
Out of which all reported miracles grow.

ਇਸ ਦਾ ਮਤਲਬ ਹੈ ਕਿ ਅਸਲੀ ਕਰਾਮਾਤ ਆਪਣੇ ਆਪੇ ਦੀ ਕੁਰਬਾਨੀ ਹੈ ਤੇ ਏਸ ਕੁਰਬਾਨੀ ਤੋਂ ਹੀ ਹੋਰ ਸਾਰੀਆਂ ਵਰਣਿਤ ਕਰਾਮਾਤਾਂ ਉਪਜਦੀਆਂ ਹਨ।

Self sacrifice ਦੇ ਅਰਥ ਹਨ ਆਪਾ ਵਾਰਨਾ। 'ਆਪਾ ਵਾਰਨ' ਵਿਚ ਦੋ ਚੀਜ਼ਾਂ ਹਨ: 'ਆਪਾ' ਤੇ ਦੂਜਾ 'ਵਾਰਨਾ'। ਪਹਿਲਾ ਸੁਆਲ ਇਹ ਪੈਦਾ ਹੁੰਦਾ ਹੈ ਕਿ 'ਆਪਾ ਕੀ ਵਸਤੂ ਹੈ? ਕੀ ਆਪਾ ਵਾਰਨ ਵਾਲਿਆਂ ਦੇ ਅੰਦਰ 'ਆਪੇ' ਦੇ ਸਰੂਪ ਦਾ ਪੂਰਾ ਅਹਿਸਾਸ ਹੈ? ਕੀ ਉਹਨਾਂ ਨੂੰ ਆਪਣੇ 'ਆਪੇ' ਦਾ ਗਿਆਨ ਹੈ? ਕੀ ਉਹ ਆਪਣੇ 'ਆਪੇ' ਦੇ ਮਾਲਕ ਹਨ ਕਿ ਉਸ ਨੂੰ ਵਾਰ ਸਕਣ? 'ਆਪੇ' ਨੂੰ 'ਵਾਰ' ਸਕਣਾ ਇਸ ਵਾਰਨ ਦੇ ਵੀ ਕੋਈ ਆਪਣੇ ਨਿਰਾਲੇ ਨਿਯਮ ਹੋਣੇ ਹਨ। 'ਆਪਾ' ਕੋਈ 'ਦੂਜੀ ਚੀਜ਼' ਨਹੀਂ ਜਿਸ ਨੂੰ ਕੋਈ ਜਣਾ ਵਾਰ ਸਕੇ। ਆਪਾ ਕੋਈ ਖ਼ੂਨ ਦਾ ਤੁਪਕਾ ਨਹੀਂ ਜਿਸ ਨੂੰ ਉਹ ਵੰਡ ਸਕੇ। 'ਦੂਜੀ ਚੀਜ਼' ਬਣਾ ਕੇ ਵੰਡਣ ਨਾਲ ਹੀ 'ਆਪਾ' ਆਪਾ ਨਹੀਂ ਰਹਿੰਦਾ ਫੇਰ ਆਪਾ ਵਾਰਨ ਦੇ ਮਾਇਨੇ ਕੀ ਹੋਏ? ਕੀ ਦੁਨੀਆ ਵਿਚ ਕੋਈ ਸਾਹਿਤ ਐਸਾ ਹੈ ਜੋ ਇਸ ਗੱਲ ਉਪਰ ਰੌਸ਼ਨੀ ਪਾ ਸਕੇ? ਹਾਂ ਬਹੁਤ ਕੁਛ ਹੈ ਪਰ ਪੰਜਾਬੀ ਪਾਠਕਾਂ ਲਈ ਸ੍ਰੀਮਾਨ ਭਾਈ ਵੀਰ ਸਿੰਘ ਜੀ ਨੇ ਬਹੁਤ ਕੰਮ ਕੀਤਾ ਹੈ। ਕਈ ਗੂੜ੍ਹ ਵਿਸ਼ਿਆਂ ਉਪਰ ਉਹਨਾਂ ਰੌਸ਼ਨੀ ਪਾਈ ਹੈ। ਕੀ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਲਈ ਵੀ ਕੋਈ ਰਮਜ਼ ਸੁੱਟੀ ਹੈ? ਭਾਈ ਸਾਹਿਬ ਨੇ ਕਈ ਗਲਾਂ ਫੁੱਲਾਂ ਦੇ ਰੂਪਕ ਵਿਚ ਬਿਆਨ ਕੀਤੀਆਂ ਹਨ। ਓਹ ਖ਼ੁਦ ਫੁੱਲਾਂ ਦੀ ਬੋਲੀ ਸਮਝਦੇ ਸਨ। ਮੇਰਾ ਖਿਆਲ ਹੈ ਕਿ ਅਸਲੀ ਸ਼ਾਇਰ ਸਾਰੇ ਹੀ ਫੁੱਲਾਂ ਦੇ ਗੁਪਤ ਇਸ਼ਾਰੇ ਜਾਣਦੇ ਹਨ। ਕਈ ਲਿਖਾਰੀਆਂ ਨੇ ਤਾਂ ਇਹ ਵੀ ਕਿਹਾ ਹੈ ਕਿ ਲਫਜ਼ਾਂ ਦੀ ਬੋਲੀ ਨਾਲ ਅਸੀਂ ਆਪਣੇ ਭਾਵ ਪੂਰੇ ਦੱਸ ਹੀ ਨਹੀਂ ਸਕਦੇ ਜਿਹੜੇ ਕਿ ਫੁੱਲ ਆਪਣੀ 'ਚੁੱਪ ਬੋਲੀ' ਨਾਲ ਅਬੋਲੇ ਹੀ ਦੱਸ ਦੇਂਦੇ ਹਨ। ਟੋਮਸਮੂਰ ਨੇ ਲਿਖਿਆ ਹੈ:-

Yet No- Not words, for they
But half can tell loves feeling,
Sweet flowers alone can say,
What passion fears revealing.

ਫੁੱਲਾਂ ਦੀ 'ਜੀਭ ਚੁੱਪ' ਕਿਸ ਤਰ੍ਹਾ ਅਬੋਲੇ ਹੀ ਬੋਲ ਰਹੀ ਹੈ ਏਸ ਲਈ ਭਾਈ ਸਾਹਿਬ ਦੀ ਹੇਠ ਲਿਖੀ ਕਵਿਤਾ ਪ੍ਰਸੰਗ ਅਨੁਕੂਲ ਹੈ-

**ਫੁਲ ਤੇ ਯੋਗੀ:-**

**ਖਿੜੇ ਫੁੱਲ ਨੂੰ ਧਜਾਨੀ ਸੀ ਇਕ ਧਜਾਨ ਨਾਲ ਪਜਾ ਭਰਦਾ,**
**ਅਸਾਂ ਪੁੱਛਿਆ: ਜੁੜੇ ਮਨਾਂ! ਤੂੰ ਕਿਉਂ ਪਿਆ ਇਸਤੇ ਮਰਦਾ?**
**ਕਹਿਣ ਲੱਗਾ: ਮੈਂ ਸੁਣਨੀਆਂ ਚਾਹਾਂ ਇਸਦੇ ਦਿਲ ਦੀਆਂ ਗੱਲਾਂ,**
**ਇਸ ਲਈ ਇਸ ਨੂੰ ਜੀਭ ਲਾਣ ਦਾ ਜਤਨ ਪਿਆ ਹਾਂ ਕਰਦਾ।**

**ਯੋਗੀ ਧਜਾਨ ਧਰੇਂਦਾ ਹੁੱਟਾ, ਪਰ ਫੁਲ ਜੀਭ ਨ ਪਾਈ,**
**'ਜੀਭ ਚੁੱਪ' ਤਾਂ ਬੋਲ ਰਹੀ ਸੀ ਜੋਗੀ ਨੂੰ ਨ ਦਿਸਾਈ।**
**ਕੂਕ ਕੂਕ ਸੁਹਣਾ ਪਿਆ ਆਖੇ "ਤਨ ਮਨ ਮੇਰਾ ਖੇੜਾ,**
**ਖਿੜਨ ਖਿੜਾਵਨ ਬਾਝੋਂ ਸਾਨੂੰ ਹੋਰ ਸੁਰਤ ਨਹਿੰ ਕਾਈ"।**

ਏਸ ਤਰ੍ਹਾਂ ਦੇ ਖਿੜੇ ਹੋਏ ਫੁਲ ਅਬੋਲ ਬੋਲੀ ਵਿਚ ਆਪਾ ਵਾਰਨ ਦੇ ਗੁੱਝੇ ਭੇਤ ਦੀ ਰਮਜ਼ ਵੀ ਸੁੱਟ ਰਹੇ ਹਨ। ਇਕ ਫੁਲ ਜਿਸ ਨੇ ਆਪਣੇ 'ਆਪੇ' ਦੇ ਸਰੂਪ ਨੂੰ ਵਿਕਾਸ ਦੁਆਰਾ ਪ੍ਰਤੱਖ ਕਰ ਲਿਆ ਹੈ ਦੇਖੋ ਉਹ ਆਪਣੀ 'ਜੀਭ ਚੁੱਪ' ਨਾਲ ਕਹਿ ਰਿਹਾ ਹੈ:-

**ਡੋਡੀਆਂ ਖੇੜੇ ਲਜਾਇ ਮੈਂ ਸਾਰਾ ਖਿੜ ਪਿਆ,**
**ਮਹਿਕਿਆ ਮੁਸ਼ਕ ਮਚਾਇ ਤੇ ਲਪਟਾਂ ਛੱਡੀਆਂ,**
**ਹਾਂ ਹੁਣ ਜਦ ਲਪਟ ਬੁਹਾਇ ਮੈਂ ਡੁਲ੍ਹ ਡੁਲ੍ਹ ਪੈ ਰਿਹਾ**
**ਖੇੜਿਆਂ ਨਾਲ ਭਰਾਂਅ ਮੈਂ ਝੋਲੀਆਂ ਅੱਡੀਆਂ।**

ਫੁੱਲ ਦੀ ਖੁਸ਼ਬੋ ਉਸ ਦਾ ਆਪਣਾ ਆਪਾ ਹੀ ਹੈ। ਇਹ ਵੀ ਆਪਾ ਵਾਰ ਦਾ ਪਰਉਪਕਾਰ ਹੈ। ਪਰ ਇਸ ਦੀ ਸ਼ਕਲ ਕਿਤਨੀ ਸੁੰਦਰ ਹੈ। ਭਾਈ ਗੁਰਦਾਸ ਨੇ ਕਿਹਾ ਸੀ:-

**ਹਉਂ ਤਿਸਦੈ ਚਉਖੰਨੀਐ ਪਰਉਪਕਾਰ ਕਰੇ ਰੰਗ ਮਾਣੈ।**


ਆਪਾ ਵਾਰਨ ਵਾਲੇ ਨੂੰ ਨਾ ਧਨ ਦੀ ਲੋੜ ਹੈ, ਨਾ ਰਿਧੀਆਂ ਦੀ, ਨਾ ਸਿਧੀਆਂ ਦੀ, ਨਾ ਜੋਗ ਦੀ, ਨਾ ਤਪ ਦੀ; ਉਹਨਾਂ ਦਾ ਆਪਣੇ 'ਆਪੇ' ਦਾ ਵਿਕਾਸ ਹੀ ਉਹਨਾਂ ਨੂੰ ਆਪਾ ਵਾਰਨ ਲਈ ਮਜਬੂਰ ਕਰ ਦਿੰਦਾ ਹੈ। ਓਹ ਇਸ ਨੂੰ ਵਾਰਨ ਬਗ਼ੈਰ ਰਹਿ ਹੀ ਨਹੀਂ ਸਕਦੇ। ਓਹ ਨਿਰਭਉ ਪਦ ਉਪਰ ਖੜੋਤੇ ਹੋਏ ਐਸ ਤਰ੍ਹਾਂ ਮਹਿਸੂਸ ਕਰਦੇ ਹਨ ਜੈਸਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ:

**ਜਉ ਕਛੁ ਇਛ ਕਰੋਂ ਧਨ ਕੀ**
**ਤੋ ਚਲਿਯੋ ਧਨ ਦੇਸਨ ਦੇਸ ਤੇ ਆਵੈ॥**
**ਅਉ ਸਭ ਰਿੱਧਨ ਸਿੱਧਨ ਪੈ ਹਮਰੋ**
**ਨਹੀ ਨੈਕਹੀਯਾ ਲਲਚਾਵੈ॥**
**ਔਰ ਸੁਨੋ ਕਛੁ ਜੋਗ ਬਿਖੈ ਕਹਿ**
**ਕਉਨ ਇਤੋ ਤਪ ਕੈ ਤਨ ਤਾਵੈ॥**
**ਜੂਝ ਮਰੋਂ ਰਨ ਮੈ ਤਜਿ ਭੈ ਤੁਮ ਤੇ**
**ਪ੍ਰਭੁ ਸਿਯਾਮ ਇਹੈ ਬਰ ਪਾਵੈ॥**

(ਕ੍ਰਿਸਨਾ ਅਵਤਾਰ/1900)

**-ਲੰਮੀ ਨਦਰ 'ਚੋਂ**

✧ ✧ ✧ ✧ ✧



(ਡਾ. ਬਲਬੀਰ ਸਿੰਘ 1896 - 1974)

## ਪੰਚਬਟੀ

ਆ ਯਾਰਾ ਰਲ ਪੰਚਬਟੀ ਨੂੰ ਚਲੀਏ
ਓਥੇ ਬੀਰੀ ਲਛਮਣ ਭਾਈ
ਚਲ ਸੋਨ-ਮਿਰਗ ਦੀ ਅੱਖ ਵਿਚ ਬਹਿ ਕੇ
ਸੋਹਣੀ ਸੀਤਾ ਤਕੀਏ
ਓਥੇ ਕੋਈ ਨ ਹਟਕੇ ਹੋੜੇ
ਓਥੇ ਸੱਭੇ ਦੂਰ ਬਲਾਈਂ
ਓਥੇ ਬੀਰੀ ਲਛਮਣ ਭਾਈ

ਚਲ ਪੰਚਬਟੀ ਦੀ ਘਾਹ ਤੇ
ਗੋਰੀ ਧੁੱਪ ਬਣ ਕੇ ਵਿਛ ਜਾਈਏ
ਓਥੇ ਧੁੱਪ ਬਿਨ ਹੋਰ ਨ ਦੂਜਾ
ਓਥੇ ਕੋਈ ਨਹੀਂ ਪਰਛਾਈਂ
ਓਥੇ ਬੀਰੀ ਲਛਮਣ ਭਾਈ

ਇਕ ਪੰਚਬਟੀ ਵਿਚ ਉੱਚਾ-ਸੁੱਚਾ
ਮੁਸ਼ਕਪੂਰ ਦਾ ਬੂਟਾ
ਉਹਦੀ ਖ਼ੁਸ਼ਬੋ ਵਾਜਾਂ ਮਾਰੇ
ਰੱਖ ਸਾਡੇ ਵਲ ਨਿਗਾਹੀਂ
ਓਥੇ ਬੀਰੀ ਲਛਮਣ ਭਾਈ

## ਗੁਰੂ ਦਰਸ਼ਨ ਦੀ ਸਿੱਕ

ਬਿਰਛ ਤੇਰੇ ਦੀ ਮਹਿਕ ਵਾਂਗ
ਅਸਾਂ ਦੂਰ ਦਰਾਜ਼ੇ ਜਾਣਾ
ਪੌਣਾਂ ਦੇ ਮੋਢੇ ਚੜ੍ਹ ਉਡਣਾ
ਕਿਤੇ ਨ ਕੋਈ ਟਿਕਾਣਾ

ਕੰਡਿਆਰੀ 'ਚੋਂ ਲੰਘਦੇ ਲੰਘਦੇ
ਹੋਣਾ ਲੀਰਾਂ ਲੀਰਾਂ
ਜਾਂ ਡੂੰਘੇ ਦਰਿਆ ਵਿਚ ਡੁੱਬਣਾ
ਆਪਾ ਖੋਰ ਮੁਕਾਣਾ

ਤੇਰੇ ਬਿਰਛ ਨੂੰ ਨਿਤ ਨਿਤ ਮਹਿਕਾਂ
ਨਿਤ ਟਾਹਣਾਂ ਤੇ ਪੰਛੀ
ਇਕ ਅਧ ਪਲ ਛਿਨ ਮਹਿਕ ਅਸਾਡੀ
ਫੇਰ ਅਸਾਂ ਬੁਝ ਜਾਣਾ

**-ਡਾ. ਹਰਿਭਜਨ ਸਿੰਘ, ਮੇਰੀ ਕਾਵਿ-ਯਾਤਰਾ 'ਚੋਂ**

# ਭਾਈ ਰੂਪ ਚੰਦ ਦਾ ਸਿੱਖ ਇਤਿਹਾਸ 'ਚ ਸਥਾਨ

❖ ਡਾ. ਕਰਮਜੀਤ ਸਿੰਘ



ਸਿੱਖ ਇਤਿਹਾਸ ਅਜਿਹੇ ਅਨੇਕਾਂ ਸ਼ਰਧਾਲੂਆਂ ਨਾਲ ਭਰਿਆ ਪਿਆ ਹੈ, ਜਿਨ੍ਹਾਂ ਨੇ ਗੁਰੂ ਘਰ ਪ੍ਰਤੀ ਆਪਣਾ ਸਮੁੱਚਾ ਜੀਵਨ ਅਰਪਿਤ ਕਰ ਦਿੱਤਾ। ਇਨ੍ਹਾਂ ਵਿੱਚੋਂ ਹੀ ਇੱਕ ਭਾਈ ਰੂਪ ਚੰਦ ਦਾ ਸੰਸਾਰਕ ਅਤੇ ਸਿੱਖੀ ਜੀਵਨ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਤੋਂ ਆਰੰਭ ਹੁੰਦਾ ਹੈ। ਇਨ੍ਹਾਂ ਦੇ ਪਿਤਾ ਭਾਈ ਸਾਧੂ ਸਖੀ ਸਰਵਰ ਦੇ ਪੁਜਾਰੀ ਸਨ। ਬਾਅਦ ਵਿੱਚ ਉਹ ਗੁਰੂ ਜੀ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਸਿੱਖ ਬਣ ਗਏ।

1614 ਈ. ਵਿੱਚ ਜਨਮੇ ਰੂਪ ਚੰਦ ਦਾ ਨਾਮਕਰਨ ਵੀ ਗੁਰੂ ਸਾਹਿਬ ਨੇ ਹੀ ਕੀਤਾ। ਭਾਈ ਸਾਧੂ ਜੀ ਅਤੇ ਭਾਈ ਰੂਪ ਚੰਦ ਪਿੰਡ ਵਿੱਚ ਹੀ ਖੇਤੀਬਾੜੀ ਕਰਕੇ ਗੁਜ਼ਾਰਾ ਕਰਦੇ ਸਨ। ਖੇਤੀ ਤੋਂ ਹੋਣ ਵਾਲੀ ਕਮਾਈ ਨਾਲ ਪਿੰਡ ਆਉਣ ਵਾਲੇ ਸ਼ਰਧਾਲੂਆਂ ਅਤੇ ਲੋੜਵੰਦਾਂ ਦੀ ਸੇਵਾ ਦਾ ਕਾਰਜ ਕਰਦੇ। ਇਕ ਦਿਨ ਦੋਵੇਂ ਪਿਉ-ਪੁੱਤਰ ਖੇਤਾਂ ਵਿੱਚ ਹਾੜ੍ਹੀ ਦੀ ਫ਼ਸਲ ਵੱਢਣ ਦਾ ਕੰਮ ਕਰ ਰਹੇ ਸਨ। ਪਿਆਸ ਬੁਝਾਉਣ ਲਈ ਖੇਤਾਂ ਵਿੱਚ ਜੰਡ ਦੇ ਦਰੱਖ਼ਤ 'ਤੇ ਮਸ਼ਕ ਟੰਗੀ ਹੋਈ ਸੀ। ਹਵਾ ਚੱਲਣ ਕਰਕੇ ਪਾਣੀ ਵਧੇਰੇ ਠੰਢਾ ਹੋ ਗਿਆ। ਜਦੋਂ ਉਨ੍ਹਾਂ ਨੇ ਪਾਣੀ ਦੇਖਿਆ ਤਾਂ ਦੋਵੇਂ ਪਿਉ-ਪੁੱਤਰ ਨੇ ਫ਼ੈਸਲਾ ਕੀਤਾ ਕਿ ਉਹ ਪਾਣੀ ਤਾਂ ਹੀ ਪੀਣਗੇ ਜੇ ਇਸ ਨੂੰ ਪਹਿਲਾਂ ਗੁਰੂ ਸਾਹਿਬ ਪੀਣਗੇ। ਇਨ੍ਹਾਂ ਦਿਨਾਂ ਵਿੱਚ ਗੁਰੂ ਹਰਗੋਬਿੰਦ ਸਾਹਿਬ ਆਪਣੇ ਸਾਂਢੂ ਸਾਈਂ ਦਾਸ ਕੋਲ ਡਰੋਲੀ ਆਏ ਹੋਏ ਸਨ। ਉਸ ਸਮੇਂ ਗੁਰੂ ਸਾਹਿਬ ਘੋੜੇ 'ਤੇ ਸਵਾਰ ਹੋ ਕੇ ਤੁਕਲਾਣੀ ਪਹੁੰਚ ਗਏ। ਭਾਈ ਸਾਧੂ ਜੀ ਤੇ ਭਾਈ ਰੂਪ ਚੰਦ ਖੇਤ ਵਿੱਚ ਬੇਹੋਸ਼ ਪਏ ਸਨ। ਗੁਰੂ ਜੀ ਨੇ ਰੁੱਖ ਤੋਂ ਪਾਣੀ ਦੀ ਮਸ਼ਕ ਲਾਹੀ ਅਤੇ ਉਨ੍ਹਾਂ ਦੇ ਮੂੰਹ 'ਤੇ ਪਾਣੀ ਦੇ ਛਿੱਟੇ ਮਾਰ ਕੇ ਉਨ੍ਹਾਂ ਨੂੰ ਹੋਸ਼ ਵਿੱਚ ਲਿਆਂਦਾ। ਗੁਰੂ ਜੀ ਨੇ ਉਨ੍ਹਾਂ ਹੱਥੋਂ ਜਲ ਛਕਿਆ ਅਤੇ ਉਨ੍ਹਾਂ ਨੂੰ ਅਸ਼ੀਰਵਾਦ ਰੂਪੀ ਅਨੇਕ ਬਖ਼ਸ਼ਿਸ਼ਾਂ ਦਿੱਤੀਆਂ।

ਗੁਰੂ ਜੀ ਨਾਲ ਵਿਚਾਰ-ਵਟਾਂਦਰੇ ਦੌਰਾਨ ਉਨ੍ਹਾਂ ਨੇ ਗੁਰੂ ਜੀ ਨੂੰ ਦੱਸਿਆ ਕਿ ਪਿੰਡ ਵਿੱਚ ਉਨ੍ਹਾਂ ਦਾ ਇੱਕ ਹੀ ਗੁਰਸਿੱਖ ਪਰਿਵਾਰ ਹੈ, ਜਿਸ ਕਰਕੇ ਉਨ੍ਹਾਂ ਨੂੰ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਰੇ ਸੁਲਤਾਨੀਏ ਨਫ਼ਰਤ ਕਰਦੇ ਹੋਣ ਕਰਕੇ ਅਤੇ ਸਰਵਰੀਆਂ ਦਾ ਪਿੰਡ ਹੋਣ ਕਰਕੇ ਗੁਰਮਤਿ ਕਾਰਜ ਸਿਰੇ ਚਾੜ੍ਹਨ ਵਿੱਚ ਰੁਕਾਵਟਾਂ ਪੈਦਾ ਕਰਨ ਦਾ ਯਤਨ ਕੀਤਾ ਜਾਂਦਾ ਹੈ। ਗੁਰੂ ਜੀ ਨੇ ਉਨ੍ਹਾਂ ਦੀਆਂ ਮੁਸ਼ਕਲਾਂ ਵੱਲ ਧਿਆਨ ਦਿੰਦੇ ਹੋਏ ਉਨ੍ਹਾਂ ਨੂੰ ਨਵੇਂ ਸਥਾਨ 'ਤੇ ਨਿਵਾਸ ਕਰਨ ਲਈ ਕਿਹਾ। ਗੁਰੂ ਜੀ ਨੇ ਜੰਡ ਹੇਠੋਂ ਇੱਕ ਤੀਰ ਛੱਡਦੇ ਹੋਏ ਕਿਹਾ ਕਿ ਜਿਸ ਸਥਾਨ 'ਤੇ ਇਹ ਤੀਰ ਡਿੱਗੇਗਾ, ਉੱਥੇ ਨਵਾਂ ਪਿੰਡ ਵਸਾ ਲਵੋ। ਜਿਸ ਸਥਾਨ 'ਤੇ ਇਹ ਤੀਰ ਡਿੱਗਿਆ ਉੱਥੇ ਗੁਰੂ ਜੀ ਨੇ ਮੋੜ੍ਹੀ ਗੱਡੀ, ਜੋ ਕਿ ਹੁਣ ਵੀ ਇਸ ਪਿੰਡ ਵਿੱਚ ਦੇਖੀ ਜਾ ਸਕਦੀ ਹੈ। ਇਸ ਨਵੇਂ ਪਿੰਡ ਦਾ ਨਾਂ ਉਨ੍ਹਾਂ ਆਪਣੇ ਸਿੱਖ ਭਾਈ ਰੂਪ ਚੰਦ ਦੇ ਨਾਂ 'ਤੇ ਰੱਖਿਆ। ਇਸ ਤਰ੍ਹਾਂ 1687 ਈ. ਨੂੰ ਭਾਈ ਰੂਪਾ ਨਗਰ ਦੀ ਨੀਂਹ ਰੱਖੀ ਗਈ।

ਭਾਈ ਰੂਪ ਚੰਦ ਦੇ ਸਿੱਖ ਇਤਿਹਾਸ ਵਿੱਚ ਯੋਗਦਾਨ ਦਾ ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ 'ਚੋਂ ਨਿਕਲ ਕੇ ਦੀਨੇ ਪਹੁੰਚੇ ਤਾਂ ਉੱਥੇ ਜਾ ਕੇ ਉਨ੍ਹਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਆਪਣੇ ਦੋ ਪੁੱਤਰ ਭਾਈ ਪਰਮ ਸਿੰਘ ਅਤੇ ਭਾਈ ਧਰਮ ਸਿੰਘ ਗੁਰੂ ਜੀ ਨੂੰ ਅਰਪਣ ਕਰ ਦਿੱਤੇ। ਇਹ ਦੋਵੇਂ ਪੁੱਤਰ ਗੁਰੂ ਜੀ ਨਾਲ ਦੱਖਣ ਵੱਲ ਗਏ ਅਤੇ ਉਨ੍ਹਾਂ ਦੇ ਆਰਾਮ ਲਈ ਰਾਹ ਵਿੱਚ ਨਵਾਂ ਮੰਜਾ ਤਿਆਰ ਕਰਕੇ ਦਿੱਤਾ। ਕੁਝ ਸਮੇਂ ਬਾਅਦ ਜਦੋਂ ਦੋਵੇਂ ਭਰਾ ਵਾਪਸ ਆਪਣੇ ਪਿਤਾ ਕੋਲ ਆ ਗਏ ਤਾਂ ਭਾਈ ਰੂਪ ਚੰਦ ਨੇ ਵਾਪਸ ਮੋੜ ਦਿੱਤਾ ਅਤੇ ਉਹ ਗੁਰੂ ਗੋਬਿੰਦ ਸਿੰਘ ਜੀ ਨੂੰ ਦੱਖਣ ਵਿੱਚ ਦੁਬਾਰਾ ਜਾ ਮਿਲੇ।


ਹਜ਼ੂਰ ਸਾਹਿਬ, ਨਾਂਦੇੜ ਦੇ ਸਥਾਨ ਤੋਂ ਗੁਰੂ ਜੀ ਇਨ੍ਹਾਂ ਨੂੰ ਬਖ਼ਸ਼ਿਸ਼ਾਂ ਸਮੇਤ ਵਾਪਸ ਪੰਜਾਬ ਮੋੜ ਦਿੱਤਾ। ਇਹ ਦੋਵੇਂ ਭਰਾ ਬੰਦਾ ਸਿੰਘ ਨਾਲ ਆਉਣ ਵਾਲੇ ਜਥੇ ਵਿੱਚ ਸ਼ਾਮਲ ਨਹੀਂ ਸਨ ਕਿਉਂਕਿ ਬੰਦਾ ਸਿੰਘ ਬਹਾਦਰ ਦੁਆਰਾ ਜਿਨ੍ਹਾਂ ਦੇ ਨਾਂ ਹੁਕਮਨਾਮੇ ਭੇਜੇ ਗਏ ਸਨ, ਉਨ੍ਹਾਂ 'ਚ ਇਨ੍ਹਾਂ ਦੋਹਾਂ ਭਰਾਵਾਂ ਦੇ ਨਾਂ ਸ਼ਾਮਲ ਨਹੀਂ ਸਨ। ਇਹ ਦੋਵੇਂ ਭਰਾ ਬੰਦਾ ਸਿੰਘ ਤੋਂ ਪਹਿਲਾਂ ਹੀ ਪੰਜਾਬ ਪਹੁੰਚ ਗਏ ਸਨ। ਭਾਈ ਪਰਮ ਸਿੰਘ ਦਾ ਰਾਹ ਵਿੱਚ ਹੀ ਦੇਹਾਂਤ ਹੋ ਗਿਆ ਅਤੇ ਭਾਈ ਧਰਮ ਸਿੰਘ ਵਾਪਸ ਪਿਤਾ ਭਾਈ ਰੂਪ ਚੰਦ ਕੋਲ ਆ ਗਏ। ਜਦੋਂ ਭਾਈ ਰੂਪ ਚੰਦ ਨੂੰ ਗੁਰੂ ਗੋਬਿੰਦ ਸਿੰਘ ਦੇ ਜੋਤੀ ਜੋਤ ਸਮਾਉਣ ਦੀ ਖ਼ਬਰ ਮਿਲੀ ਤਾਂ ਉਹ ਵੀ ਗੁਰੂ ਜੀ ਦੀ ਯਾਦ ਵਿੱਚ ਚਲਾਣਾ ਕਰ ਗਏ।

ਭਾਈ ਰੂਪ ਚੰਦ ਦੇ ਅਕਾਲ ਚਲਾਣੇ ਮਗਰੋਂ ਉਨ੍ਹਾਂ ਦੇ ਸੱਤਾਂ ਪੁੱਤਰਾਂ ਵਿੱਚ ਗੁਰੂ ਘਰ ਦੀ ਸੇਵਾ ਲਈ ਉਤਸ਼ਾਹ ਵੇਖਣ ਨੂੰ ਮਿਲਦਾ ਹੈ। ਭਾਈ ਧਰਮ ਸਿੰਘ ਦੇ ਚਲਾਣੇ ਤੋਂ ਬਾਅਦ ਇਨ੍ਹਾਂ ਦਾ ਪੁੱਤਰ ਦਿਆਲ ਸਿੰਘ, ਭਾਈ ਰੂਪਾ ਪਿੰਡ ਤੋਂ ਉੱਠ ਕੇ ਦੀਨੇ ਵੱਲ ਚੱਲ ਪਿਆ ਅਤੇ ਇਸ ਦੇ ਕੋਲ ਹੀ ਇਕ ਪਿੰਡ ਵਸਾ ਕੇ ਰਹਿਣ ਲੱਗਾ, ਜੋ ਕਿ ਦਿਆਲਪੁਰਾ ਭਾਈ ਕਾ ਦੇ ਨਾਂ ਨਾਲ ਪ੍ਰਸਿੱਧ ਹੋਇਆ। ਭਾਈ ਧਰਮ ਸਿੰਘ ਦਾ ਖ਼ਾਨਦਾਨ ਇੱਥੋਂ ਹੀ ਅੱਗੇ ਵਧਿਆ ਅਤੇ ਇਨ੍ਹਾਂ ਦੀ ਗੱਦੀ ਅੱਗੇ ਚੱਲਦੀ ਰਹੀ। ਇਸ ਪਰਿਵਾਰ ਵਿੱਚੋਂ ਹੀ ਬਾਬਾ ਗੁੱਦੜ ਸਿੰਘ ਹੋਇਆ, ਜਿਨ੍ਹਾਂ ਦੇ ਸਮੇਂ ਇਸ ਵੰਸ਼ ਦਾ ਨਿਵਾਸ ਦਿਆਲਪੁਰੇ ਤੋਂ ਬਾਗੜੀਆਂ ਵਿੱਚ ਤਬਦੀਲ ਹੋਇਆ। ਇਨ੍ਹਾਂ ਦੇ ਸਮੇਂ ਬਾਗੜੀਆਂ ਦੇ ਲੰਗਰ ਲਈ ਵੱਖ-ਵੱਖ ਰਿਆਸਤਾਂ ਦੇ ਰਾਜਿਆਂ ਵੱਲੋਂ ਕਈ ਪਿੰਡ ਦਾਨ ਹੋਏ ਅਤੇ ਇਹ ਧਰਮ ਪ੍ਰਚਾਰ ਦੇ ਕੇਂਦਰ ਵਜੋਂ ਵਿਕਸਿਤ ਹੋਇਆ।

ਧੰਨਵਾਦ ਸਹਿਤ : **ਪੰਜਾਬੀ ਟ੍ਰਿਬਿਊਨ, 26 ਅਗਸਤ, 2020**

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ




**ਸੰਤ-** ਸਤਿਕਾਰ ਯੋਗ ਜੀਓ! ਇਨਸਾਨ ਜਿਸ ਪਹਿਲੂ ਪਵੇ ਉਸਦੇ ਅੰਤ ਵਲ ਰੁਖ਼ ਕਰ ਜਾਂਦਾ ਹੈ। 'ਆਪਾ ਸੰਵਾਰਨਾ' ਇਹ ਤਾਂ ਹੈ ਸਾਧੂ ਦਾ ਪ੍ਰਯੋਜਨ, ਪਰ ਆਪਾ ਸੰਵਾਰਨਾ ਹੈ ਕਠਨ ਕੰਮ। ਆਪਾ ਸੰਵਾਰਨ ਲਈ ਸਾਧਨ ਦੀ ਲੋੜ ਹੈ, ਇਹ ਹੈ ਦਾਰੂ। ਸਾਧਨ ਕਰਨ ਵਿਚ ਆਪ ਤੇ ਸਖਤੀ ਕਰਨੀ ਪੈਂਦੀ ਹੈ, ਇਹ ਹੈ ਜ਼ਰੂਰੀ, ਪਰ ਇਹ ਹੈ ਮੂਲ 'ਆਪਾ ਕੋਹੂ' ਉਪਰਾਲਿਆਂ ਦਾ ਜੋ ਸਾਧੂ ਧਾਰ ਲੈਂਦੇ ਹਨ। ਸਾਡੇ ਦੇਸ਼ ਵਿਚ ਸੀਖਾਂ ਤੇ ਸਉਣਾ, ਪੰਚ ਧੂਣੀਆਂ ਵਿਚ ਬੈਠਣਾ, ਹਥ ਪੈਰ ਸੁਕਾ ਲੈਣੇ, ਅਨੇਕ ਕਸ਼ਟ ਹਨ ਜੋ ਇਸ ਦੇਹੀ ਨੂੰ ਦੇ ਕੇ ਮਨ ਨੂੰ ਕਾਬੂ ਕਰਨ ਲਈ ਕੀਤੇ ਜਾਂਦੇ ਰਹੇ ਹਨ ਤੇ ਕੀਤੇ ਜਾਂਦੇ ਹਨ; ਪਰ ਸੋਚ ਕੇ ਦੇਖੋ ਕਿ ਜੇ ਸਰੀਰ ਅਰੋਗ ਰਹੇਗਾ ਤਾਂ ਹੀ ਸਾਧਨ ਕਰ ਸਕੇਗਾ। ਸਾਧਨ ਸੁਫਲ ਹੀ ਅਰੋਗ ਸਰੀਰ ਦੇ ਹਨ। ਜੇ ਸਰੀਰ ਰੋਗੀ ਕਰ ਲਿਆ ਤਾਂ ਸਾਧਨ ਕੌਣ ਕਰੇਗਾ?

ਫੇਰ ਵੀਚਾਰ ਗੋਚਰੀ ਗਲ ਹੈ ਕਿ ਦੇਹ ਤਾਂ ਕਰ ਲਈ ਰੋਗੀ, ਰੋਗੀ ਦੇਹ ਵਿਚ ਵਸਦਾ ਮਨ ਕੀਕੂੰ ਅਰੋਗ ਤੇ ਤੰਦਰੁਸਤ ਰਹੇਗਾ? ਰੋਗੀ ਮਨ ਤਾਂ ਭੁਲੇਵੇਂ ਤੇ ਵਹਿਮਾਂ ਵਿਚ ਚਲਾ ਜਾਂਦਾ ਹੈ। ਤਦ ਸਾਡੇ ਪਵਿੱਤ੍ਰ ਧਰਮ ਪੁਸਤਕ ਵਿਚ ਲਿਖਿਆ ਹੈ, "ਜੋ ਜੋ ਦੀਸੈ ਸੋ ਸੋ ਰੋਗੀ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ।" ਜਿਵੇਂ ਤੁਸਾਂ ਜੀ ਦੇ ਬਜ਼ੁਰਗ ਬੇ-ਗੁਨਾਹ ਸੂਲੀ ਦਿਤੇ ਗਏ ਤਿਵੇਂ ਸਾਡੇ ਇਕ ਸਤਿਗੁਰੂ ਜੀ ਬੇ-ਗੁਨਾਹ ਹੀ ਦਿੱਲੀ ਵਿਚ ਤਲਵਾਰ ਨਾਲ ਸ਼ਹੀਦ ਕੀਤੇ ਗਏ, ਤੇ ਇਕ ਸਾਡੇ ਗੁਰੂ ਜੀ ਲਾਹੌਰ ਵਿਚ ਤੱਤੇ ਤਵਿਆਂ ਤੇ ਗਰਮ ਪਾਣੀਆਂ ਵਿਚ ਬਿਠਾ ਬਿਠਾ ਕੇ ਗਰਮ ਰੇਤੇ ਪਾ ਪਾ ਕੇ ਸ਼ਹੀਦ ਕੀਤੇ ਗਏ। ਪਰ ਹੁਣ ਤਾਂ ਓਹ ਨਹੀਂ ਨਾਂ ਤੱਤੇ ਤਵਿਆਂ ਤੇ ਬੈਠੇ ਹੋਏ, ਤੇ ਸਰੀਰ ਉਤੇ ਸੜਦੇ ਰੇਤੇ ਪੁਆ ਰਹੇ। ਹੁਣ ਤਾਂ ਓਹ ਆਨੰਦ ਸਰੂਪ ਹਨ। ਅਸੀਂ ਉਨ੍ਹਾਂ ਦੇ ਉਸ ਦੁੱਖ ਨੂੰ ਯਾਦ ਕਰਕੇ ਉਨ੍ਹਾਂ ਦੇ ਉਪਕਾਰ ਮੰਨੀਏ ਤੇ ਉਪਦੇਸ਼ਾਂ ਤੇ ਤੁਰੀਏ, ਨਾ ਕਿ ਆਪਣੇ ਤੇ ਗਰਮ ਰੇਤੇ ਪੁਆ ਕੇ ਬੀਮਾਰ ਹੋ ਜਾਈਏ। ਫੇਰ ਉਨ੍ਹਾਂ ਦੀ ਦੱਸੀ ਘਾਲ ਕਮਾਈ ਬੰਦਗੀ ਵੀ ਕੌਣ ਕਰੇਗਾ। ਸਾਨੂੰ ਚਾਹੀਦਾ ਹੈ ਕਿ ਉਨ੍ਹਾਂ ਦਾ ਉਪਦੇਸ਼ ਕਮਾਈਏ, ਹਠ ਧਾਰ ਕੇ ਸ਼ਬਦ ਦੀ ਕਮਾਈ ਕਰੀਏ, ਆਪੇ ਨੂੰ ਸੰਵਾਰੀਏ, ਤਤਿਖਜਾ ਇਹ ਕਰੀਏ ਕਿ ਆਪੇ ਨੂੰ ਮੰਦੇ ਕਰਮਾਂ ਤੋਂ ਰੋਕੀਏ। ਦੁਖ ਇਹ ਸਹਾਰੀਏ ਕਿ ਆਪ ਸੁਖੀ ਹੋ ਕੇ ਦੁਖੀ ਜਗਤ ਨੂੰ ਸੁਖੀ ਕਰੀਏ। ਤੇ ਇਸ ਸੇਵਾ ਵਿਚ ਜੋ ਦੁਖ ਆਉਣ ਸੋ ਝਲੀਏ। ਭਜਨ ਬੰਦਗੀ ਹਠ ਧਾਰਕੇ ਕਰੀਏ, ਰੋਕਾਂ ਪੈਣ ਤਾਂ ਹਠ ਰਖੀਏ। ਬੰਦਗੀ ਦ੍ਰਿੜਤਾ ਨਾਲ ਕਰੀਏ, ਜੋ ਪਹਿਲਾਂ ਤਪ ਰੂਪ ਹੋਵੇਗੀ ਫੇਰ ਰਸ ਰੂਪ। ਇਸੇ ਤਰ੍ਹਾਂ ਭਾਣੇ ਦੀ ਬਿਖਮਤਾ ਝੱਲੀਏ। ਇਹ ਬੀ ਤਪ ਹੈ।

ਇਹ ਨਾਂ ਸਮਝਣਾ ਕਿ ਮੈਂ ਆਪਦੇ ਮਤ ਦੇ ਸੰਤਾਂ ਦੀ ਨੁਕਤਾਚੀਨੀ ਕਰ ਰਿਹਾ ਹਾਂ। ਓਹ ਹੁਣ ਹੈਨ ਨਹੀਂ, ਤੇ ਉਨ੍ਹਾਂ ਦੇ ਮਨ ਕੀਹ ਸੀ ਉਸਦਾ ਪਤਾ ਨਹੀਂ ਤੇ ਹਰ ਸੱਚੇ ਸਾਧਕ ਦੀ ਸ਼ਰਧਾ ਤੱਕਣੀ ਹੈ ਤੇ ਨਿੰਦਾ ਵਿਚ ਨਹੀਂ ਪੈਣਾ। ਪਰ ਜੇ ਅਸੀਂ ਉਨ੍ਹਾਂ ਦੇ ਹਾਲ ਪੜ੍ਹ ਸੁਣਕੇ ਰੀਸ ਕਰਨੀ ਚਾਹੀਏ ਤਾਂ ਰੱਬ ਜੀ ਦੀ ਦਿੱਤੀ ਅਕਲ ਦੀ ਵਰਤੋਂ ਤੇ ਬਜ਼ੁਰਗਾਂ ਦੇ ਉਪਦੇਸ਼ਾਂ ਨੂੰ ਸਮਝ ਕੇ ਤੁਰਨ ਦੀ ਦਾਨਾਈ ਕਰੀਏ। ਤੁਸਾਂ ਹੀ ਦੱਸਿਆ ਹੈ ਕਿ ਤੁਹਾਡੇ ਮਤ ਦੇ ਕਿਸੇ ਬਜ਼ੁਰਗ ਨੇ ਕਿੱਲਾਂ ਵਾਲੀਆਂ ਕੁੜਤੀਆਂ ਸਾਧੂਆਂ ਦੀਆਂ ਲੁਹਾ ਦਿੱਤੀਆਂ ਸਨ। ਗੋਯਾ ਉਨ੍ਹਾਂ ਨੇ ਬੀ ਇਸ ਕਠਨ ਤਤਿਖਜਾ ਨੂੰ ਪਸੰਦ ਨਹੀਂ ਸੀ ਕੀਤਾ। ਇਸ ਤਰ੍ਹਾਂ ਜੋ ਸਾਨੂੰ ਮਤਿ ਸਾਡੇ ਸਤਿਗੁਰੂ ਨੇ ਦਿਤੀ ਹੈ ਕਿ ਸਰੀਰ ਨੂੰ ਅਰੋਗ ਰਖੋ, ਤਾਂ ਜੋ ਮਨ ਅਰੋਗ ਰਹੇ।

**ਡਜੂਸ਼ੋਜ਼ਾ-** ਪਰ ਜੇ ਤਨ ਮਨ ਅਰੋਗ ਰਹਿਣਗੇ ਤਾਂ ਬਦੀਆਂ ਵਲ ਜਾਣਗੇ, ਠੱਲ੍ਹਣੇ ਤੇ ਕਾਬੂ ਕਰਨੇ ਮੁਸ਼ਕਲ ਹੋ ਜਾਣਗੇ।

**ਸੰਤ-** ਇਹ ਠੀਕ ਹੈ। ਪਰ ਅਰੋਗ ਸਰੀਰ ਤੇ ਮਨ ਜੋ ਬਦੀ ਵਲ ਜਾਂਦਾ ਹੈ ਉਸਦਾ ਮੂਲ ਕਾਰਣ ਕੀਹ ਹੈ ਵੀਚਾਰ ਕਰ ਲਈਏ। ਮੇਰੀ ਜਾਚੇ ਮੂਲ ਕਾਰਣ ਹੈ ਵਾਸ਼ਨਾ ਜੋ ਬਦੀ ਵਲ ਲਿਜਾਂਦੀ ਹੈ, ਬਦੀ ਤੋਂ ਫੇਰ ਦੁਖ ਉਪਜਦੇ ਹਨ। ਸੋ ਵਾਸ਼ਨਾ ਨੂੰ ਰੋਕੀਏ। ਵਾਸ਼ਨਾ ਨੂੰ ਰੋਕਣਾ ਕਠਨ ਹੈ। ਇਸਦੇ ਰੋਕਣ ਦਾ ਜ਼ੋਰ ਲਾਉਣਾ ਇਹ ਹੈ ਤਪ ਹਠ ਜੋ ਵਿਹਤ ਤਪ ਹੈ ਤੇ ਜੋ ਬਦੀ ਨੂੰ ਨੱਪਣ ਦਾ ਅਸਲ ਇਲਾਜ ਹੈ। ਵਾਸ਼ਨਾ ਮਨ ਵਿਚੋਂ ਉਪਜਦੀਆਂ ਤੇ ਸਰੀਰ ਨੂੰ ਪ੍ਰੇਰਕੇ ਮਾੜੇ ਕੰਮਾਂ ਵਲ ਲੈ ਟੁਰਦੀਆਂ ਹਨ। ਵਾਸ਼ਨਾ ਹੀ ਪਰਮੇਸ਼ਰ ਨੂੰ ਭੁਲਾਉਂਦੀਆਂ ਹਨ। ਸੋ ਵਾਸ਼ਨਾ ਤੇ ਕਾਬੂ ਪਾ ਲਈਏ, ਮਨ ਕਾਬੂ ਹੋ ਗਿਆ। ਮਨ ਕਾਬੂ ਹੋ ਗਿਆ ਤਾਂ ਸਰੀਰ ਆਪੇ ਮਾੜੇ ਕਰਮਾਂ ਵਿਚ ਨਹੀਂ ਜਾਏਗਾ। ਸਾਡੇ ਸਤਿਗੁਰਾਂ ਨੇ ਫੁਰਮਾਯਾ ਹੈ ਵਰਮੀ ਮਾਰਿਆਂ ਸਪ ਨਹੀਂ ਮਰਦਾ, ਪਰ ਸਪ ਮਾਰਿਆਂ ਵਰਮੀ ਮਾਰਨ ਦੀ ਲੋੜ ਨਹੀਂ ਰਹਿੰਦੀ। ਸੱਪ ਹੈਨ ਵਾਸ਼ਨਾ, ਤ੍ਰਿਸ਼ਨਾ, ਜੋ ਸਰੀਰ ਰੂਪੀ ਵਰਮੀ ਦੇ ਅੰਦਰ ਮਨ ਵਿਚ ਵਸਦੀਆਂ ਹਨ। ਸੋ ਸਿਧਾ ਸੱਪ ਨੂੰ ਹੀ ਕਿਉਂ ਨਾ ਮਾਰੀਏ।

**ਡਜੂਸ਼ੋਜ਼ਾ-** ਓਹ ਕਿਵੇਂ?

**ਸੰਤ-** ਪਹਿਲਾ ਕਦਮ ਹੈ ਵੀਚਾਰ। ਸਾਡੇ ਕਰਮਾਂ ਦੇ ਫਲ ਨੂੰ ਵੀਚਾਰ ਕੇ ਮਨ ਨੂੰ ਉਸ ਪਾਸਿਓਂ ਜਾਣ ਤੋਂ ਰੋਕੀਏ, ਇਸ ਗਲ ਵਾਸਤੇ ਅਸੀਂ ਤਾਂ ਗੁਰੂ ਕੀ ਬਾਣੀ ਰੋਜ਼ ਪੜਦੇ ਹਾਂ ਤ੍ਰੈ ਵੈਲੇ ਤਾਂ ਜ਼ਰੂਰ, ਸਵੇਰੇ ਸੰਝਾਂ ਤੇ ਰਾਤ ਨੂੰ ਤੇ ਵਧੀਕ ਜਿਤਨੀ ਕੋਈ ਪੜ੍ਹ ਸਕੇ। ਇਸ ਪਾਠ ਵੀਚਾਰ ਨਾਲ ਸਾਨੂੰ ਉਚੇ ਖਜਾਲ ਮਿਲਦੇ ਹਨ। ਤੁਸੀਂ ਜਾਣਦੇ ਹੋ ਕਿ ਖਿਆਲ ਦੀ ਤਾਕਤ ਕਿਤਨੀ ਹੈ।ਸੋ ਇਸ ਤਰ੍ਹਾਂ ਪਾਠ ਨਾਲ ਬਾਣੀ ਤੋਂ ਸਾਨੂੰ ਉਪਦੇਸ਼ ਰੂਪ ਹੋ ਕੇ ਖਿਆਲ ਪ੍ਰਾਪਤ ਹੁੰਦੇ ਹਨ ਓਹ ਮਨ ਤੇ ਸਿੱਧਾ ਅਸਰ ਕਰਦੇ ਹਨ। ਬਾਣੀ ਦਾ ਪਾਠ ਸਮਝ ਦੇਣ ਤੋਂ ਛੁਟ ਮਨ ਨੂੰ ਏਕਾਗਰਤਾ ਵਲ ਬੀ ਲੈ ਆਉਂਦਾ ਹੈ। ਫਿਰ ਚਾਹੀਦਾ ਹੈ ਕਿ ਅੰਮ੍ਰਿਤ ਵੇਲੇ ਉੱਠਕੇ ਰੱਬ ਜੀ ਦੇ ਚਿੰਤਨ ਵਿਚ ਜੀਵ ਕੁਛ ਚਿਰ ਬੈਠੇ। ਮਨ ਨੂੰ ਹੋਰ ਸੰਕਲਪਾਂ ਤੋਂ ਹੋੜੇ, ਇਕ ਪਰਮੇਸ਼ਰ ਦਾ ਖਜਾਲ ਕਾਇਮ ਕਰੇ, ਦਿਹਾੜੀ ਕੰਮ ਕਾਜ

ਕਰੇ। ਜਦ ਵਿੱਚੋਂ ਵਿੱਚੋਂ ਵਿਹਲ ਮਿਲੇ, ਰੱਬ ਜੀ ਦਾ ਚਿੰਤਨ ਕਰਦਾ ਰਹੇ। ਇਸ ਤਰ੍ਹਾਂ ਮਨ ਦੀਆਂ ਵਾਸ਼ਨਾਂ ਨੂੰ ਸਿੱਧਾ ਬੰਨ੍ਹ ਪੈਣ ਦਾ ਸਹਿਜੇ ਪ੍ਰਬੰਧ ਹੁੰਦਾ ਰਹੇਗਾ। ਸਨੇ ਸਨੇ ਮਨ ਤੇ ਕਾਬੂ ਹੋ ਜਾਵੇਗਾ।

**ਡਜੂਸ਼ੋਜ਼ਾ–** ਪਰ ਕੀ ਸਰੀਰ ਨੂੰ ਖੁੱਲ੍ਹਾ ਛੱਡ ਦਿੱਤਾ ਜਾਏ?

**ਸੰਤ–** ਖੁੱਲ੍ਹਾ ਨਹੀਂ ਛੱਡਣਾ, ਪਰ ਸਰੀਰ ਨੂੰ ਰੋਕਣਾ ਵੀ ਨਹੀਂ, ਸਰੀਰ ਨੂੰ ਦਬਾਉਣਾ ਬੀ ਨਹੀਂ, ਨਾ ਹੀ ਸਰੀਰ ਨੂੰ ਰਸਾਂ ਕਸਾਂ ਵਿਚ ਖੁੱਲ੍ਹਾ ਛਡਕੇ ਸ਼ੁਦਾਈ ਕਰਨਾ ਹੈ, ਪਰ ਇਸ ਨੂੰ ਸੰਜਮ ਵਿਚ ਰੱਖਣਾ ਹੈ। ਜਿਹਾ ਕੁ ਖਾਣਾ ਹੈ, ਐਸਾ ਖਾਣਾ ਖਾਏ ਜੋ ਸੁਥਰਾ ਹੋਵੇ ਕਿ ਸਰੀਰ ਅਰੋਗ ਰਹੇ। ਫਿਰ ਇਤਨਾ ਨਾ ਖਾਏ ਕਿ ਆਲਸ ਪਵੇ ਤੇ ਵਿਕਾਰ ਉਪਜਣ। ਇਤਨਾ ਘਟ ਨਾ ਖਾਏ ਕਿ ਸਰੀਰ ਨਿਤਾਣਾ ਹੋ ਜਾਏ। ਇਸ ਤਰ੍ਹਾਂ ਇਤਨਾ ਨਾਂ ਸਵੇਂ ਕਿ ਦਲਿਦ੍ਰ ਹੀ ਪੈ ਜਾਏ, ਪਰ ਇਤਨਾ ਘੱਟ ਬੀ ਨਾ ਸਵੇਂ ਕਿ ਸਾਰਾ ਦਿਨ ਅੰਗ ਹੀ ਭੱਜਦੇ ਰਹਿਣ। ਇਸ ਤਰ੍ਹਾਂ ਸਰੀਰ ਦੀਆਂ ਸਾਰੀਆਂ ਲੋੜਾਂ ਤੇ ਭੁੱਖਾਂ ਨੂੰ ਸੰਜਮ ਵਿਚ ਕਰ ਲਵੇ। ਮਨ ਤੇ ਸ਼ਰੀਰ ਨੂੰ ਨਾ ਸੰਢੇ ਵਾਂਙੂ ਪਾਲਣਾ ਹੈ ਨਾ ਦਿੱਕ ਤਪੀਏ ਵਾਂਙੂ ਗਾਲਣਾ ਹੈ, ਹਾਂ ਮਨ ਤੇ ਸਰੀਰ ਨੂੰ ਸੁਸਿਖਜਤ ਕਰਨਾ ਹੈ। ਇਸੇ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰ ਨੂੰ 'ਸਿੱਖ' ਆਖਦੇ ਹਨ ਜੋ ਮਨ ਨੂੰ ਸੁਸਿਖਜਤ ਕਰਦੇ ਹਨ। ਜਿਵੇਂ ਤੁਸੀਂ ਅੰਗ੍ਰੇਜ਼ੀ ਭਾਸ਼ਾ ਵਿਚ ਕਹੋਗੇ ਕਿ 'ਸੈਲਫ ਡਿਸਿਪਲਿਨ' (Self-discipline) ਸਿੱਖਣੀ ਹੈ।

**ਡਜੂਸ਼ੋਜ਼ਾ–** ਪਰ ਕੀ ਆਪਣੀ ਤਾਕਤ ਇਤਨੀ ਹੋ ਆਉਂਦੀ ਹੈ ਕਿ ਆਪੇ ਨੂੰ ਆਪ ਸੈਲਫ ਡਿਸਿਪਲਿਨ ਵਿਚ, ਤੁਸਾਂ ਕੀ ਕਿਹਾ ਸੀ, 'ਸੁਸਿਖਜਤਾ' ਵਿਚ ਲੈ ਆਵੇ।

**ਸੰਤ–** ਸੁਸਿਖਜਤਾ ਹੋਣ ਲਈ ਆਪਣਾ ਤਾਣ ਲਾਵੇ, ਮਨ ਦੀ ਇਛਾ ਸ਼ਕਤੀ ਨਾਲ ਮਨ ਨੂੰ ਬੰਨ੍ਹੇ, ਬਾਣੀ ਦੀ ਵੀਚਾਰ ਨਾਲ ਮਨ ਉੱਚਾ ਕਰੇ, ਨਾਮ ਦੇ ਅਭਯਾਸ ਨਾਲ ਮਨ ਨੂੰ ਸੁੱਚਾ ਕਰੇ ਤੇ ਇਕ ਨੁਕਤੇ ਤੇ ਜੋੜੇ। ਠੀਕ ਹੈ, ਅਪਣੇ ਤੋਂ ਵਧੇਰੇ ਬਲ ਦੀ ਲੋੜ ਹੈ ਮਨ ਨੂੰ ਮਨ ਨਾਲ ਕਾਬੂ ਕਰਨੇ ਦੀ, ਸੋ ਅਰਦਾਸ ਕਰੇ ਤੇ ਰੱਬ ਜੀ ਤੋਂ ਬਲ ਮੰਗੇ, ਸਹਾਇਤਾ ਮੰਗੇ। ਉਹ ਭਗਤ ਵੱਛਲ ਹੈ, ਅਰਥਾਤ ਅਪਣੇ ਪ੍ਰੇਮੀਆਂ ਨੂੰ ਪਯਾਰ ਕਰਦਾ ਹੈ, ਉਹ ਆਪਣਾ ਬਲ ਸਾਡੇ ਬਲ ਵਿਚ ਪਾਕੇ ਸਾਨੂੰ ਸਾਡੇ ਮਨ ਦੀਆਂ ਨੀਵੀਆਂ ਰੁਚੀਆਂ ਨੂੰ ਕਾਬੂ ਕਰ ਲੈਣ ਵਿਚ ਕਾਮਯਾਬ ਕਰੇਗਾ। ਇਹ ਉਸਦਾ ਬਿਰਦ ਹੈ। ਤੁਸੀਂ ਸਮਝਦੇ ਹੋ ਕਿ ਸਾਧਨਾ ਕਰਨ ਵਾਲਾ ਅਰਦਾਸ ਦੇ ਆਸਰੇ ਜੀਉਂਦਾ ਹੈ। ਅਰਦਾਸ ਉਸਦੀ ਭਗਤੀ ਹੈ, ਅਰਦਾਸ ਉਸਦੇ ਤੇ ਸਾਂਈਂ ਦੇ ਵਿਚਕਾਰ ਮੇਲਣ ਹਾਰ ਪੁਲ ਹੈ, ਅਰਦਾਸ ਉਸਦੇ ਬਲ ਵਿਚ ਉਚੇਰਾ ਬਲ ਭਰਦੀ ਹੈ। ਇਹ ਬੀ ਤੁਸੀਂ ਸਿਆਣੇ ਹੋ ਸਮਝਦੇ ਹੋ ਕਿ ਪਰਮੇਸ਼ਰ ਦਾ ਪਿਆਰਾ ਅਰਦਾਸ ਆਪਣੀ ਆਤਮ ਉੱਨਤੀ ਲਈ ਕਰਦਾ ਹੈ, ਸਰੀਰ ਦੇ ਗਿਰਾਵਟਾਂ ਤੋਂ ਬਚਣ ਲਈ ਮਨ ਦੇ ਮਾੜੀਆਂ ਰੁਚੀਆਂ ਵਿਚ ਜਾਣ ਤੋਂ ਰਖਯਾ ਲਈ ਉਸਦੀ ਅਰਦਾਸ ਹੋਇਆ ਕਰਦੀ ਹੈ। ਸੋ ਐਉਂ ਜਦ ਉਸਦੇ ਆਸਰੇ ਪਰਨੇ ਹੋ ਗਏ ਤਾਂ ਉਹ ਸ਼ਰਣ ਸੂਰ ਸਹਾਇਤਾ ਕਰੇਗਾ। ਐਉਂ ਭਗਤੀ ਭਾਵਨਾ ਵਾਲੇ ਮੰਜਲੇ ਜਾ ਚੜ੍ਹਦੇ ਹਨ।

**3.**

ਇਸ ਤਰ੍ਹਾਂ ਦੀ ਵਾਰਤਾਲਾਪ ਵਿਚ ਅਫਸਰ 'ਰੀਗੋ' ਨੂੰ ਤਾਂ ਇਕ ਦਿਨ ਕਿਸੇ ਸਰਕਾਰੀ ਕੰਮ ਤੇ ਡੇਹਰੇ ਚਲੇ ਜਾਣਾ ਪਿਆ ਤੇ ਦੂਏ ਸਾਧੂ ਓਥੇ ਟਿਕੇ ਰਹੇ। ਡਜੂਸ਼ੋਜ਼ਾ ਸੰਤ ਜੀ ਦਾ ਅੰਮ੍ਰਿਤ ਵੇਲੇ ਉੱਠਣਾ ਤੇ ਸਮਾਧੀ ਵਿਚ ਬੈਠ ਜਾਣਾ ਦੇਖ ਰਿਹਾ ਸੀ। ਕਦੇ ਆਪਮੁਹਾਰੇ ਸੰਤਾਂ ਦਾ ਬਾਣੀ ਦੇ ਕੀਰਤਨ ਵਿਚ ਲਗ ਪੈਣਾ ਸੁਣ ਰਿਹਾ ਸੀ ਤੇ ਉਸਦੇ ਅਸਰ ਨਾਲ ਪ੍ਰਭਾਵਿਤ ਹੋ ਰਿਹਾ ਸੀ। ਪਰ ਆਪ ਕਈ ਵੇਰ ਤਪ ਹਠ ਵਿਚ 'ਆਪਾ ਕੋਹੂ' ਹੱਦ ਤਕ ਚਲੇ ਜਾਣ ਕਰਕੇ ਉਸ ਦੇ ਮਨ ਵਿਚ ਤਪ ਤਪਣ ਦੀ ਮਹੱਤਤਾ ਤੇ ਤਯਾਗ ਦਾ ਮਹਾਤਮ ਕਾਇਮ ਸੀ। ਇਕ ਦਿਨ ਆਖਣ ਲੱਗੇ: ਸੰਤ ਜੀ ਤੁਸੀਂ ਜੋ ਗੱਲਾਂ ਕੀਤੀਆਂ ਉਹ ਮੈਂ ਗਹੁ ਕਰਕੇ ਵੀਚਾ- ਰਿਆ ਹੈ ਕਿ ਵਿਸ਼ੇਸ਼ ਕਰਕੇ ਗ੍ਰਿਹਸਤੀ ਪ੍ਰੇਮੀਆਂ ਲਈ ਹਨ। ਅਸੀਂ ਅਤੀਤ ਲੋਕ ਹਾਂ ਸਾਨੂੰ ਇੰਦ੍ਰੇ ਕਾਬੂ ਰੱਖਣ ਨਾਲ ਸਰੀਰ ਘਾਲਣ ਦੀ ਵਧੇਰੇ ਲੋੜ ਹੈ। ਦੁਧ ਜੇ ਜੰਮ ਜਾਵੇ ਤਾਂ ਕਿਸੇ ਕੰਮ ਆਇਆ, ਜੇ ਫਿੱਟ ਗਿਆ ਤਾਂ ਕਿਸ ਕੰਮ? ਸਾਧੂ ਦਾ ਵਿਗੜਨਾ ਦੁਧ ਦਾ ਫਿਟਣਾ ਹੈ, ਇਸ ਲਈ ਸਾਧੂ ਲਈ ਤਯਾਗ, ਹਠ, ਤਪ, ਤਾੜਨਾ ਦੀ ਰਾਖੀ ਦੀ ਲੋੜ ਵਧੇਰੇ ਹੈ।

**ਸੰਤ–** ਠੀਕ ਆਖਿਆ ਨੇ, ਸਾਡੇ ਦੇਸ਼ ਵਿਚ ਬੀ ਭਲੇ ਲੋਕ ਪਰਮਾਰਥ ਪ੍ਰਾਪਤ ਕਰਨ ਦੀ ਲਾਲਸਾ ਵਿਚ ਬਨਾਂ ਨੂੰ ਟੁਰ ਜਾਂਦੇ ਹਨ। ਪਿਛੇ ਸਾਧਾਰਨ ਲੋਕ ਰਹਿ ਜਾਂਦੇ ਸਨ। ਇਉਂ ਭਾਈਚਾਰਾ ਕਹੋ ਯਾ ਸੁਸਾਇਟੀ ਕਹੋ ਨੀਵੀਂ ਪੈ ਜਾਂਦੀ ਸੀ; ਨਾ ਵਿਦਯਾ ਨਾ ਭਲਿਆਈ, ਨਾ ਬਲ ਪੱਲੇ ਰਹਿ ਜਾਂਦਾ ਸੀ। ਭਲੇ ਭਲੇ ਤਾ ਨਿਕਲ ਗਏ, ਪਿਛੇ ਨੀਵੇਂ, ਸਾਧਾਰਣ ਲੋਕ ਰਹਿ ਜਾਂਦੇ ਸਨ। ਪਛਮੋਤ੍ਰ ਵਲੋਂ ਜਰਵਾਣੇ ਲੋਕੀਂ ਆ ਕੇ ਲੁਟ ਪੁੱਟ ਲਿਆ ਕਰਦੇ ਸੀ। ਸੁਸਾਇਟੀ ਦੀ ਹੀਣੀ ਦਸ਼ਾ ਵਿਚ ਨਾ ਸੰਸਾਰਕ ਤੇ ਨਾ ਪਰਮਾਰਥਿਕ ਸੁਖ ਕਾਇਮ ਰਹਿ ਸਕਦੇ ਸਨ। ਇਸ ਕਰਕੇ ਸਾਡੇ ਸਤਿਗੁਰੂ ਨੇ ਇਕ ਨਵਾਂ ਆਦਰਸ਼ ਕਾਇਮ ਕੀਤਾ ਤੇ ਆਦਰਸ਼ਕ ਬੰਦਾ ਪੈਦਾ ਕੀਤਾ ਜਿਸਦਾ ਨਾਮ ਉਨ੍ਹਾਂ ਨੇ 'ਗੁਰਮੁਖ' ਧਰਿਆ, ਉਸਨੂੰ ਪਰਮਾਰਥ ਵਿਚ ਉੱਚਤਾ ਬਖਸ਼ੀ ਤੇ ਗ੍ਰਿਹਸਤ ਵਿਚ ਹੀ ਬਿਠਾ ਦਿਤਾ ਅਰਥਾਤ ਸੁਸਾਇਟੀ ਦੇ ਵਿਚ ਰਹਿਣ ਦਾ ਹੁਕਮ ਦਿਤਾ, ਤਾਂ ਜੋ ਉਸਦੀ ਨੇਕੀ ਤੇ ਖ਼ਮੀਰ ਨਾਲ ਸੁਸਾਇਟੀ ਦੇ ਸਾਰੇ ਬੰਦੇ ਨੇਕ ਹੁੰਦੇ ਰਹਿਣ ਤੇ ਸੁਸਾਇਟੀ ਉਚੇ ਪਾਏ ਦੀ ਬਣੇ। ਇਸ ਕਰਕੇ ਮੇਰੀ ਗੁਫਤਗੂ ਉਸ 'ਆਦਰਸ਼' ਦੀ ਹੁੰਦੀ ਰਹੀ ਹੈ ਜਿਸਨੂੰ ਅਸੀਂ 'ਪਰਵਾਣ ਗ੍ਰਿਹਸਤ ਉਦਾਸ' ਆਖਦੇ ਹਾਂ।

**ਡਜੂਸ਼ੋਜ਼ਾ–** ਇਸਦਾ ਕੀ ਮਤਲਬ ਹੈ?

**ਸੰਤ–** ਜਿਵੇਂ ਕੰਵਲ ਪਾਣੀ ਵਿਚ ਰਹਿਕੇ ਪਾਣੀ ਦੇ ਅਸਰ ਨਾਲ ਗਲਦਾ ਸੜਦਾ ਨਹੀਂ, ਜਿਵੇਂ ਮੁਰਗਾਬੀ ਪਾਣੀ ਵਿਚ ਵਸਦੀ ਪਾਣੀ ਦੇ ਨਾਲ ਭਿੱਜ ਸਿੱਜਕੇ ਦੁਖੀ ਨਹੀਂ ਹੁੰਦੀ ਤੇ ਪਾਣੀ ਦੇ ਅਸਰ ਨਾਲ ਪ੍ਰਭਾਵਿਤ ਨਹੀਂ ਹੁੰਦੀ, ਸਗੋਂ ਨਿਰਲੇਪ ਰਹਿੰਦੀ ਹੈ, ਤਿਵੇਂ ਇਨਸਾਨ ਗ੍ਰਿਹਸਤ ਵਿਚ ਰਹਿਕੇ ਯਾ ਸੁਸਾਇਟੀ ਵਿਚ ਵਸਕੇ ਇਸਦੇ ਮਾੜੇ ਲੋਕਾਂ ਦੇ ਮਾੜੇ ਅਸਰ ਨਾਲ ਆਪਣੇ ਆਚਰਣ ਨੂੰ ਮਾੜਾ ਨਾ ਕਰ ਲਵੇ, ਨੇਕਾਂ ਵਿਚ ਵਸਦਾ ਸਗੋਂ ਮਾੜੀਆਂ ਗੱਲਾਂ ਵਲੋਂ ਉਦਾਸ ਰਹਿਕੇ ਨੇਕੀ ਵਿਚ ਵਸਦਾ ਅੰਤਰ ਆਤਮੇ ਰਬ ਜੀ ਨੂੰ ਯਾਦ ਕਰੇ, ਅਰਥਾਤ ਆਪਣੀ ਸੁਰਤ ਵਿਚ ਸ਼ਬਦ (ਪਰਮੇਸਰ ਦੇ ਨਾਮ) ਨੂੰ ਵਸਾ ਲਵੇ, ਜਿਸ ਨਾਲ ਓਹ ਮੁਰਗਾਬੀ ਦੀ ਤਰ੍ਹਾਂ ਜਗਤ ਲਬੇੜੂ ਅਸਰਾਂ ਤੋਂ ਅਲੇਪ ਰਹੇ ਤੇ ਸੰਸਾਰ ਤੋਂ ਤਰ ਨਿਕਲੇ।

ਇਸ ਤਰ੍ਹਾਂ ਸਾਡਾ ਮਤਿ ਗ੍ਰਿਹਸਤ ਵਿਚ ਰਹਿਕੇ ਆਤਮਿਕ ਸਾਧਨਾ ਦੇ ਕਰਨੇ ਦਾ ਹੈ। ਯਾ ਇਉਂ ਕਹੋ ਕਿ ਗੁਰੂ ਨਾਨਕ ਦੇਵ ਜੀ ਨੇ ਇਹ ਆਦਰਸ਼ ਕਾਇਮ ਕੀਤਾ ਕਿ ਅਰਥ ਤੇ ਪਰਮਾਰਥ ਅੱਡ ਅੱਡ ਨਾ ਰਹਿਣ, ਦੁਇ ਕੱਠੇ ਹੋ ਕੇ ਇਨਸਾਨ ਦੇ ਜੀਵਨ ਨੂੰ ਭਾਗ ਲਾਉਣ।

**(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)**

✧ ✧ ✧ ✧ ✧

# Vision of Truth*

❖ **Dr. Balbir Singh**

Ever since man began to think he has so far evolved the following five great basic ideas:-

(1) Agriculture : this being the first mile stone on the path of progressive civilization.

(2) The discovery of the number Zero without which mathematics and sciences had remained only infantile.

(3) Theory of evolution in its broad sense and wider application.

(4) The discovery of identity of matter and energy which has transformed the outlook of science and philosophy.

(5) Comparative religion which aims at establishing the truth that all religions are essentially the same and the diverse paths enjoined by each point to the one target which is the common ultimate goal.

Guru Nanak's important work evidently falls under the fifth category. It is well known fact that in different ages great men of India occupied themselves with some aspect of comparative religion. Their problem has been how to harmonise the hetorogenous elements that create factions and discord. In this field, there have been notable attempts two of which preceding Guru Nanak and the rest following him. Out of the two antecedent attempts one was made by the composer of Mahabharata and the other by King Ashoka. The four attempts that followed Guru Nanak were successively by Abdul Fazal, the author of Akbar's Din-i-Ilahi, Raja Ram Mohan Roy whose personality inspired the unitarian movement of Bengal, the theosophical movement, and lastly the work of Mahatma Gandhi.

The message of theosophy integrates well with earlier attempts in our history to highlight the brotherhood of man. Theosophy is not a religion.

Theosophy is religion itself. One band of unity which is universal and all embrasing.

Religion itself is one eternal truth. One universal spirit of love and wisdom in which the whole humanity lives and has its being.

Taking the first antecedent attempt into consideration we may note that *Mahabharata* has done notable work in this respect. We will be able to appreciate this better if we realise that during the later period of the composition of *Mahabharata*, India was seething with discord. There were quarrels and squables all over. The great battle of Kurukshetra is the collossal testimony of the clash of ideas. It is computed that out of the 52 lacs of people who took part in the war only 10 survived namely 5 Pandus, 3 Kairavas, 1 Krishna and 1 Satki. Away from the battlefront in the field of speculation the following groups were arrayed against each other:- Bhagwatas (later known as Vaishnavas), Pashupat (later known as Shaivite), followers of Shankhya and Yog, the Hetuvadins (later known as Niyayaks, the logicians), the followers of Purav Shaster and Uttar Shastar now known as the ritualist of Purava Mimansa and Vedantins of Uttar Mimansa. Then there were those that regarded the world as Kshanik whom we can well identify as Budhists with their theory of impermanence of values and the naked Digambars to be identified as Jains. Besides these there were many other cults and factions mentioned in the Ashavmedh Parv who were contradicting each other in stormy disputations. In the handling of the material or otherwise in casual references *Mahabharata* takes care not to accentuate the existing differences. Rather it uses certain ingenuities to reconcile them. In doing so the author rises much above his personal inclination. For example, the central figure round which *Mahabharata* focuses attention as the supreme worshipful diety is Shri Krishna. Yet he shows Shri Krishna as a devotee of Shiva who in turn is depicted as worshipper of Vishnu. Shri Krishna is nothing more nor less, but the incarnation of Vishnu. This graceful curving round to complete the cycle has the beauty of joining the loose extremities. You will hardly find any short circuiting of it throughout the epic. This is indeed a very original scheme by which *Mahabharata* attempts to take away the sting from the eternal animosity subsisting between the Vaishnavites and Shaivites, the two great rival groups. All cults are thus shown mutually interdependent that draw upon and fortify each other. The theory of Ansh Avtar in the Ad Parav is a link in the same thought which reaches its philosophic climax in the *Gita* wherein Shri Krishna says:- "All that is beautiful is but a fragment of my glory. The divine glory was out for fragmentation for distribution among and consequent reconciliation of claimants. This list of Avtars Sampurn and Ansh thus became fuller. Nowhere in *Mahabharata* you will find any cult contradicted. On the other hand various stories have been elaborated with the obvious intention of mitigating the dissension and softening the glare of differences."

The attempt of *Mahabharata* at reconciliation was great indeed. Although the results that followed were of different order. The Hindu society was disintegrating. The inroads of corrosion had weakened

its embankment. The swift currents of Buddhism were swelling up threatening to engulf the entire aspect.

The second attempt at reconciliation was made by Ashoka. The king of rock and pillar edicts comes alive as a real man and man far ahead of his times. The Dharma enunciated by Ashoka in the Edicts is Cosmopolitan, capable of universal application and acceptance as the essence of all religions (R.E. XII). Here in Dehradun we have the monument which bears testimony to this fact. I refer you to the famous stone at Kalsee. It has fourteen edicts promulgated by the King Ashoka.

The 7th edict expresses the keen desire of the King that in every place men of every denomination may live.

This was not a mere pious wish of a politically wise sovereign. It was an integral part of the great project consecrated by the life and programme of a royal personage.

With the lapse of time, some 1800 years of Ashoka appeared Guru Nanak to deliver his message to the humanity suffering from the same disease. Guru Nanak travelled all over India. He went in all directions. He visited places flung far apart. He went to Ceylone, Burma and Assam. He went to Persia and Arabia inspired by the great idea of the synthesis of religions, trying to weld them together on the basis of fervent sincerity. He had no resources of State. He could not issue edicts. He went without any equipment except the sweet music of his soul the melody of which began to resound in the hearts of men.

John Archer Clark who has been a Hoober Professor of Comparative religion at Yale University has raised the question.

Coming late upon the scene and finding so much conflict in religion, he (Nanak) proposed hopefully that hostilities should cease, that the warring factions adjust their differences and be reconciled through a method which he offered. But we may ask what were the conflicts of the day, and out of what had they risen? And we may appropriately inquire if Nanak really understood the issues and what it was that he proposed by way of solving them? We must go deeper and ask if religions then could be reconciled and if so by what means?

The answer to this quarry of Prof. Archer is the work for the historians in the Sikh historians in the Sikh history. One thing however stands out as very significant in this respect.

The words of Guru Nanak are preserved in Guru Granth Sahib, the holy book regarded with devotional esteem by the Sikhs. Yet this sacred volume is not one book but a library of books reflecting the thoughts of men who professed and propounded with missionary zeal their view points widely different from each other. You have therein even the orthodox mohammedan thought represented by Sheikh Farid. In the pages of Guru Granth Sahib echoes the full throated exhortation of Farid. His call to prayer loudly rings out thus:

*Arise, O Farid, perform thy ablution*
*and say Thy prayers to thy God.*

S.G.G.S. Slok (71) P. 1382

Guru Nanak himself composed about 900 hymns. About an equal number of hymns written by 18 other persons are included in the Guru Granth. These eighteen authors between themselves reflected a wide range of apparently conflicting thoughts.

The creation of this united volume, the Sikh scripture is an answer in the shape of an authentic record to the question raised by Professor Archer.

I refer again to *Mahabharata* whose author had the wealth of fertile imagination and he brought his inventive genius to bear upon the art of story telling with such perspicacity that all differences seem to cancel out. Every thing levels up. Nothing remains except the one moral principle namely eternal truth. This is the most important survivor on the battle field where the clash of ideologies resulted in 52 lacks killed and 10 injured, who too soon after preferred death. Guru Nanak did not draw upon any such artistic method. He also lacked the wealth of King Ashoka who in the zeal of his mission sacrificed every thing. His Majesty ultimately even exhausted all the revenue of the State which resulted in his deposition at the hands of his Minister and the enthronement of his grand son Samprat according to tradition preserved in an ancient Buddhist book *Divya Avdana*.

As against all this Guru Nanak had only one thing and that was Faith. Faith was his terrafirma. Faith stabilized him, vitalised him, invigorated him. It opened out to him the vision of truth. He realised and said:

*Truth is the Lord. Truth is the reference.*
*Truth is the Creator. Truth is the cause of all.*

(S.G.G.S. P. 52)

As against the technique of *Mahabharata* and Ashoka, Guru Nanak's method was extremely simple. It was to infect others with personal touch, sow in the hearts of men seed of truth so that the men may be true men. He wanted a Muslim to be a Muslim, a Brahmin a true Brahmin, a labourer a true labourer. Guru Nanak did not want the people to change their religion. He raised his voice against conversions brought about by force or greed. His faith was that all faiths imbued with the vision of truth can unite to knit humanity into one brotherhood, a view point which Theosophy is quite competent to assess intellectually and for the full appreciation of which the local Theosophical of

*–(Continued on page 11)*

# ਡਾ. ਬਲਬੀਰ ਸਿੰਘ ਨੂੰ ਯਾਦ ਕਰਦਿਆਂ

ਸਾਹਿਤ, ਵਿਗਿਆਨ ਅਤੇ ਪ੍ਰਬੰਧਨ ਨਾਲ ਜੁੜੀ ਸ਼ਖ਼ਸੀਅਤ ਡਾ. ਬਲਬੀਰ ਸਿੰਘ ਦਾ ਪੰਜਾਬੀ ਸਾਹਿਤ ਜਗਤ 'ਚ ਆਪਣਾ ਵਿਸ਼ੇਸ਼ ਮੁਕਾਮ ਹੈ। ਪੰਜਾਬੀ ਲੇਖ-ਸਾਹਿਤ 'ਚ ਉਨ੍ਹਾਂ ਦੀਆਂ ਤਿੰਨ ਪੁਸਤਕਾਂ ਪ੍ਰਮੁੱਖ ਹਨ— **ਕਲਮ ਦੀ ਕਰਾਮਾਤ**, **ਸ਼ੁਧ ਸਰੂਪ** ਅਤੇ **ਲੰਮੀ ਨਦਰ**। **ਸ੍ਰੀ ਚਰਨਹਰਿ ਵਿਸਥਾਰ** (ਦੋ ਜਿਲਦਾਂ) ਮੁੱਖ ਰੂਪ ਵਿਚ ਪੁਰਖਿਆਂ ਦੇ ਜੀਵਨ ਵੇਰਵਿਆਂ ਨਾਲ ਸੰਬੰਧਿਤ ਇਕ ਤਰ੍ਹਾਂ ਨਾਲ ਜੀਵਨਪਰਕ ਰਚਨਾਵਾਂ ਹਨ ਪਰ ਇਨ੍ਹਾਂ ਵਿਚ ਸਮੇਂ ਦੇ ਹਾਲਾਤਾਂ ਦਾ ਪੜਤਾਲੀਆ ਵਰਣਨ ਵੀ ਦ੍ਰਿਸ਼ਟੀਗੋਚਰ ਹੋਇਆ ਹੈ। ਇਕ ਉਨ੍ਹਾਂ ਦੀ ਪੁਸਤਕ ਹੈ— **ਰਾਗ ਮਾਲਾ ਦਾ ਸੁਆਲ ਤੇ ਜੋਧ ਕਵੀ ਅਤੇ ਆਲਮ।** ਗੁਰੂ ਗ੍ਰੰਥ ਸਾਹਿਬ ਦੇ ਅਖ਼ੀਰ ਵਿਚ ਦਰਜ ਰਾਗ ਮਾਲਾ ਬਾਰੇ ਸਮੇਂ-ਸਮੇਂ ਕਈ ਸ਼ੰਕੇ ਉਠਦੇ ਰਹੇ ਹਨ ਜਿਨ੍ਹਾਂ ਦਾ ਲੇਖਕ ਨੇ ਇਸ ਪੁਸਤਕ 'ਚ ਸਮਾਧਾਨ ਕਰ ਦਿੱਤਾ ਹੈ। **ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ** (ਦੋ ਜਿਲਦਾਂ) ਉਹਨਾਂ ਦੀ ਪ੍ਰਬੀਨ ਟੀਕਾਕਾਰੀ ਯੋਗਤਾ ਦੀ ਲਖਾਇਕ ਹੈ। ਇਸ ਵਿਚ ਉਨ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਆਏ ਸ਼ਬਦਾਂ ਦੇ ਅਰਥਾਂ ਨੂੰ ਸਹੀ ਸ਼ੁਧ ਰੂਪ ਵਿਚ ਦੇਣ ਦਾ ਯਤਨ ਕੀਤਾ ਹੈ। ਇਸ ਤੋਂ ਇਲਾਵਾ ਖ਼ਾਸ ਮੌਕਿਆਂ ਤੇ ਉਹਨਾਂ ਰਾਹੀਂ ਲਿਖੇ ਲੇਖ ਵੀ ਪ੍ਰਾਪਤ ਹੁੰਦੇ ਹਨ ਜੋ ਹਾਲਾਂ ਕੋਈ ਨਿਸ਼ਚਿਤ ਪੁਸਤਕੀ ਸ਼ਕਲ ਅਖ਼ਤਿਆਰ ਨਹੀਂ ਕਰ ਸਕੇ। ਕੁਲ ਮਿਲਾ ਕੇ ਉਹਨਾਂ ਦਾ ਸਾਰਾ ਸਾਹਿਤਕ ਕਾਰਜ ਪੰਜਾਬੀ ਸਾਹਿਤ 'ਚ ਲੇਖ-ਰਚਨਾ, ਸੰਪਾਦਨਾ, ਟੀਕਾਕਾਰੀ, ਆਲੋਚਨਾ ਅਤੇ ਜੀਵਨੀ ਸਾਹਿਤ ਦੇ ਰੂਪ 'ਚ ਸਾਨੂੰ ਮਿਲਦਾ ਹੈ ਜੋ ਕਿ ਉਹਨਾਂ ਦੀ ਸਾਹਿਤਕ ਲਗਨ ਨੂੰ ਉਜਾਗਰ ਕਰਦਾ ਹੈ। ਇਸ ਵਿਚ ਉਹਨਾਂ ਦੇ ਪ੍ਰਮੁੱਖ ਪ੍ਰੇਰਨਾ ਸਰੋਤ ਰਹੇ ਵੱਡੇ ਭਰਾਤਾ ਭਾਈ ਵੀਰ ਸਿੰਘ ਜੀ। ਇਸ ਤੋਂ ਇਲਾਵਾ ਘਰੋਗੀ ਵਾਤਾਵਰਨ, ਸਮੇਂ ਦੇ ਹਾਲਾਤ ਅਤੇ ਜੀਵਨ ਵਿਚ ਆਉਣ ਵਾਲੀਆਂ ਪ੍ਰੋ. ਪੂਰਨ ਸਿੰਘ, ਡਾ. ਖ਼ੁਦਾਦਾਦ, ਜੀ.ਐਸ. ਆਨੰਦ ਵਰਗੀਆਂ ਸ਼ਖ਼ਸੀਅਤਾਂ ਨੇ ਵੀ ਇਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਵਿਚ ਪੂਰਾ ਸਹਿਯੋਗ ਦਿੱਤਾ। ਆਪ ਦੀਆਂ ਗਿਣਮੀਆਂ-ਮਿਣਵੀਆਂ ਸਾਨੂੰ ਸਾਹਿਤਕ ਰਚਨਾਵਾਂ ਹੀ ਪ੍ਰਾਪਤ ਹੁੰਦੀਆਂ ਹਨ ਪਰ ਸਾਹਿਤਕ ਮਿਆਰਤਾ, ਦਾਰਸ਼ਨਿਕਤਾ, ਸਮਝ-ਸਪਸ਼ਟਤਾ ਆਦਿ ਪੱਖੋਂ ਇਹ ਰਚਨਾਵਾਂ ਪੰਜਾਬੀ ਸਾਹਿਤ 'ਚ ਆਪਣਾ ਵਿਸ਼ਿਸ਼ਟ ਸਥਾਨ ਰੱਖਦੀਆਂ ਹਨ।

ਸਾਹਿਤਕਾਰ ਡਾ. ਬਲਬੀਰ ਸਿੰਘ ਨੇ ਆਪਣੇ ਸਮੇਂ 'ਚ ਅਕਾਦਮਿਕ ਬੁਲੰਦੀਆਂ ਨੂੰ ਵੀ ਹਾਸਲ ਕੀਤਾ। ਮਿਸ਼ਨ ਸਕੂਲ ਅੰਮ੍ਰਿਤਸਰ ਤੋਂ ਦਸਵੀਂ ਪਾਸ ਕਰਨ ਤੋਂ ਬਾਅਦ ਪ੍ਰਤਿਸ਼ਠਿਤ ਅਦਾਰਾ ਖਾਲਸਾ ਕਾਲਜ, ਅੰਮ੍ਰਿਤਸਰ ਤੋਂ 1919 'ਚ ਬੀ.ਐਸ.ਸੀ. ਦੀ ਡਿਗਰੀ ਹਾਸਲ ਕੀਤੀ। ਸਰਕਾਰੀ ਕਾਲਜ ਲਾਹੌਰ ਵਿਚ ਐਮ.ਐਸ.ਸੀ. ਕਰਨ ਉਪਰੰਤ ਆਪ ਉਚੇਰੀ ਵਿੱਦਿਆ ਲਈ ਲੰਦਨ ਚਲੇ ਗਏ ਅਤੇ ਉੱਥੋਂ ਰਸਾਇਣ ਵਿਗਿਆਨ 'ਚ ਪੀਐਚ.ਡੀ. ਕੀਤੀ ਤੇ ਫਿਰ 1923 'ਚ ਵਾਪਸ ਵਤਨ ਪਰਤ ਆਏ। ਇਹ ਉਹ ਸਮਾਂ ਸੀ ਜਦ ਕਿਸੇ ਪੰਜਾਬੀ ਬੱਚੇ ਦਾ ਮੈਟ੍ਰਿਕ ਪਾਸ ਕਰ ਲੈਣਾ ਹੀ ਆਪਣੇ ਆਪ 'ਚ ਵੱਡਾ ਹਾਸਲ ਸੀ ਅਤੇ ਇਹ ਉਹ ਸਮਾਂ ਵੀ ਸੀ ਜਦ ਗਿਣਤੀ ਦੇ ਵਿਦਿਆਰਥੀ ਹੀ ਉੱਚ ਸਿੱਖਿਆ ਤਕ ਪਹੁੰਚਦੇ ਸਨ, ਤਾਂ ਡਾ. ਬਲਬੀਰ ਸਿੰਘ ਨੇ ਆਪਣਾ ਨਾਂ ਵੀ ਇਨ੍ਹਾਂ ਗਿਣਤੀ ਦੇ ਵਿਦਿਆਰਥੀਆਂ 'ਚ ਦਰਜ ਕਰਵਾਇਆ। ਇਸ ਉਚੇਰੀ ਪੜ੍ਹਾਈ ਦੇ ਸੁਪਨੇ ਨੂੰ ਪੂਰਾ ਕਰਨ 'ਚ ਵੀ ਭਰਾਤਾ ਵੀਰ ਸਿੰਘ ਜੀ (ਉਨ੍ਹਾਂ ਨੂੰ ਡਾ. ਸਾਹਿਬ ਪਿਤਾ ਸਮਾਨ ਆਦਰ ਦਿੰਦੇ ਸਨ ਤੇ ਸਨ ਵੀ ਉਨ੍ਹਾਂ ਤੋਂ 24 ਸਾਲ ਵੱਡੇ) ਵੱਲੋਂ ਪੂਰਨ ਸਹਿਯੋਗ ਰਿਹਾ। ਵਿਦੇਸ਼ ਟੋਰਨ ਤੋਂ ਪਹਿਲਾਂ ਉਹਨਾਂ ਇਕ ਸ਼ਰਤ ਵੀ ਲਾਈ ਕਿ ਉਹ ਆਪਣੇ ਅਜ਼ੀਜ਼ ਬਲਬੀਰ ਨੂੰ ਉਸੇ ਰੂਪ 'ਚ ਦੇਖਣਾ ਚਾਹੁਣਗੇ ਜਿਸ ਰੂਪ 'ਚ ਉਹ ਵਿਦੇਸ਼ ਦੀ ਧਰਤੀ ਵਲ ਜਾ ਰਿਹਾ ਹੈ। ਉਦੋਂ ਵੀ ਤੇ ਅੱਜ ਵੀ ਸਿੱਖੀ ਸਰੂਪ ਨੂੰ ਬਾਹਰ ਜਾ ਕੇ ਕਾਇਮ ਰੱਖਣਾ ਸਿੱਖ ਗੱਭਰੂਆਂ ਲਈ ਇਕ ਪ੍ਰਮੁੱਖ ਮਸਲਾ ਰਿਹਾ ਹੈ। ਜਦਕਿ ਬਹੁਤੇ ਗੱਭਰੂ ਵਿਦੇਸ਼ੀ ਰੰਗ 'ਚ ਢਲਦਿਆਂ ਪਤਿਤਤਾਈ ਦੇ ਮੂੰਹ ਜਾ ਪੈਂਦੇ ਹਨ।

ਡਾ. ਬਲਬੀਰ ਸਿੰਘ ਪਿਤਾ ਤੁੱਲ ਵੱਡੇ ਭਰਾਤਾ ਦੇ ਕਹੇ ਬੋਲਾਂ ਤੇ ਅਨੇਕਾਂ ਮੁਸ਼ਕਲਾਂ ਸਹਿ ਕੇ ਵੀ ਪੂਰੇ ਉਤਰੇ— ਪੂਰੇ ਤਾਲੀਮ 'ਚ ਵੀ ਤੇ ਸਿੱਖੀ ਪਛਾਣ 'ਚ ਵੀ। ਵਿਦੇਸ਼ੋਂ ਪਰਤ ਕੇ ਜਦ ਆਪ ਭਾਈ ਸਾਹਿਬ ਨੂੰ ਮਿਲਣ ਪੁੱਜੇ ਤਾਂ ਆਪਣਾ ਪੜ੍ਹਾਈ ਦਾ ਮਿਸ਼ਨ ਪੂਰਾ ਕਰਕੇ ਆਏ ਡਾ. ਬਲਬੀਰ ਸਿੰਘ ਨੂੰ ਉਸੇ ਰੂਪ 'ਚ ਦੇਖ ਕੇ ਉਨ੍ਹਾਂ ਆਪਣੀ ਨਿੱਘੀ ਗਲਵਕੜੀ 'ਚ ਲੈ ਲਿਆ। ਇਹ ਨਿਰੋਲ ਆਨੰਦ ਦੇ ਛਿਣ ਸਨ, ਵਿੱਦਿਅਕ ਪ੍ਰਾਪਤੀ ਤੇ ਭੇਖ ਦੀ ਕਾਇਮੀ ਤੋਂ ਪੈਦਾ ਹੋਏ ਹੁਲਾਸ ਦੇ ਛਿਣ ਜਿਨ੍ਹਾਂ ਡਾ. ਬਲਬੀਰ ਸਿੰਘ ਨੂੰ ਉਸਦੀਆਂ ਅਗਲੇਰੀਆਂ ਪ੍ਰਾਪਤੀਆਂ ਲਈ ਹੋਰ ਸੁਦ੍ਰਿੜ੍ਹ ਕੀਤਾ, ਹੋਰ ਉਤਸ਼ਾਹਿਤ ਵੀ।

ਆਉਣ ਵਾਲੇ ਸਮੇਂ 'ਚ ਦੇਹਰਾਦੂਨ ਡਾ. ਬਲਬੀਰ ਸਿੰਘ ਦੀਆਂ ਪ੍ਰਾਪਤੀਆਂ ਦਾ ਪ੍ਰਮੁੱਖ ਕੇਂਦਰ ਬਣਿਆ। ਇੱਥੇ ਪ੍ਰੋ. ਪੂਰਨ ਸਿੰਘ ਤੇ ਡਾ. ਖ਼ੁਦਾਦਾਦ ਵਰਗੀਆਂ ਸ਼ਖ਼ਸੀਅਤਾਂ ਦੇ ਮੇਲ-ਮਿਲਾਪ ਨੇ ਡਾ. ਸਾਹਿਬ ਦੀ ਸ਼ਖ਼ਸੀਅਤ ਨੂੰ ਹੋਰ ਨਿਖਾਰਿਆ। ਦੇਹਰਾਦੂਨ ਦੇ ਪ੍ਰਸਿੱਧ ਅਕਾਦਮਿਕ ਅਦਾਰੇ ਕੈਂਬਰਿਜ ਪਰੈਪਰੇਟੀ ਸਕੂਲ ਦੇ ਤਕਰੀਬਨ 10 ਸਾਲ ਤਕ ਆਪ ਇੱਕ ਸਫ਼ਲ ਪ੍ਰਿੰਸੀਪਲ ਰਹੇ। ਇੱਥੇ ਆਪ ਦੀ ਅਕਾਦਮਿਕ ਯੋਗਤਾ ਨੇ ਪ੍ਰਬੰਧਕੀ ਯੋਗਤਾ ਦੇ ਬਰਮੇਚ ਹੁੰਦਿਆਂ ਵਿੱਦਿਅਕ ਅਦਾਰੇ ਨੂੰ ਨਵੀਆਂ ਸਿਖਰਾਂ ਪ੍ਰਦਾਨ ਕੀਤੀਆਂ।

ਅਕਾਦਮਿਕਤਾ ਤੇ ਪ੍ਰਬੰਧਕੀ ਯੋਗਤਾ ਦਾ ਇਕ ਮੇਲ ਇਕ ਪ੍ਰਮੁੱਖ ਵਿੱਤੀ ਅਦਾਰਾ 'ਪੰਜਾਬ ਐਂਡ ਸਿੰਧ ਬੈਂਕ' 'ਚ ਵੀ ਵੇਖਣ ਨੂੰ ਮਿਲਿਆ ਜਦ ਪਹਿਲਾਂ ਆਪ ਇਸ ਦੇ ਡਾਇਰੈਕਟਰ ਤੇ ਫਿਰ ਮੈਨੇਜਿੰਗ ਡਾਇਰੈਕਟਰ ਬਣੇ। ਵੰਡ ਭਾਰਤੀ ਇਤਿਹਾਸ ਦਾ ਇਕ ਸ਼ਾਹ ਕਾਲਾ ਪੱਤਰਾ ਸੀ ਜਿਸਨੇ ਮਨੁੱਖਾਂ ਨੂੰ ਹੀ ਨਹੀਂ, ਅਦਾਰਿਆਂ ਤੇ ਸੰਸਥਾਵਾਂ ਨੂੰ ਵੀ ਭਾਰੀ ਚੋਟ ਪੁਚਾਈ ਸੀ। ਪੰਜਾਬ ਐਂਡ ਸਿੰਧ ਬੈਂਕ ਦੀਆਂ 10 ਬ੍ਰਾਂਚਾਂ 'ਚੋਂ 8 ਨਵੇਂ ਬਣੇ ਪਾਕਿਸਤਾਨ 'ਚ ਰਹਿ ਗਈਆਂ ਸਨ। ਇਹ ਡਾ. ਸਾਹਿਬ ਦੀ ਪ੍ਰਬੰਧਕੀ ਤੇ ਵਿੱਤੀ ਕੁਸ਼ਲਤਾ ਦਾ ਚਮਤਕਾਰ ਸੀ ਜਿਨ੍ਹਾਂ ਬੈਂਕ ਨੂੰ ਇਸ ਮੁਸ਼ਕਿਲ ਹਾਲਾਤਾਂ 'ਚੋਂ ਉਭਾਰ ਕੇ ਵਿਕਾਸ ਦੀ ਲੀਹੇ ਤੋਰ ਦਿੱਤਾ ਸੀ। ਆਪਣੇ ਕੀਤੇ ਇਨ੍ਹਾਂ ਵਿਕਾਸ ਕਾਰਜਾਂ ਸਦਕਾ ਆਪ ਅੰਤਲੇ ਸੁਆਸਾਂ ਤਕ ਬੈਂਕ ਦੇ ਬੋਰਡ ਆਫ਼ ਡਾਇਰੈਕਟਰਜ਼ ਦੇ ਮੈਂਬਰ ਰਹੇ। 29 ਸਤੰਬਰ, 1974 ਨੂੰ ਦਿੱਲੀ ਵਿਖੇ ਹੋਈ ਬੈਂਕ ਦੇ ਬੋਰਡ ਆਫ਼ ਡਾਇਰੈਕਟਕਜ਼ ਦੀ ਮੀਟਿੰਗ 'ਚ ਹਿੱਸਾ ਲੈਣ ਤੋਂ ਬਾਅਦ ਜਦ ਆਪ ਦੇਹਰਾਦੂਨ ਪਰਤੇ ਤਾਂ ਪਹਿਲੀ ਅਕਤੂਬਰ ਉਹ ਦਿਨ ਸੀ ਜਦ ਆਪ ਸ਼ਾਮੀ ਤਕਰੀਬਨ 6 ਵਜੇ ਇਸ ਪੰਚਭੂਤਕ ਸਰੀਰ ਨੂੰ ਤਿਆਗ ਕੇ ਪਰਮਾਤਮਾ ਦੇ ਦੇਸ ਵਲ ਉਡਾਰੀ ਮਾਰ ਗਏ। ਇਹ ਉਡਾਰੀ ਭੂ-ਮੰਡਲ ਤੋਂ ਸੀ, ਉਸ ਅੱਖਰ-ਸੰਸਾਰ ਤੋਂ ਨਹੀਂ ਜਿਸ ਸਦਕਾ ਆਪ ਅੱਜ ਵੀ ਆਪਣੇ ਪਾਠਕਾਂ ਨਾਲ ਜੁੜੇ ਹੋਏ ਹਨ। ਆਪ ਦੇ ਚਲਾਣੇ ਤੋਂ ਬਾਅਦ ਆਪ ਦੇ ਨਿਵਾਸ-ਅਸਥਾਨ ਨੂੰ ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਦੇ ਰੂਪ 'ਚ ਤਬਦੀਲ ਕਰ ਦਿੱਤਾ ਗਿਆ ਜੋ ਮੌਜੂਦਾ ਸਮੇਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਧੀਨ ਕਾਰਜਰੱਤ ਹੈ।

❖ **ਮਨਿੰਦਰ ਸਿੰਘ ਸੋਨੀ, ਮੋ: 9891591206**

# ਖਾਲਸਾ ਸਮਾਚਾਰ ੧੦੦ ਸਾਲ ਪਹਿਲਾਂ

## ਹਫ਼ਤਾਵਾਰ ਪੰਜਾਬੀ ਪਰਚਾ

**30 ਸਤੰਬਰ, 1920**

## ਚੀਫ ਖਾਲਸਾ ਦੀਵਾਨ ਤੇ ਗੁਰਦ੍ਵਾਰਾ ਕਰਤਾਰਪੁਰ

ਇਸਤੋਂ ਪੈਹਲਾਂ ਬ੍ਰਸਾਤ ਦੇ ਹੜਾਂ ਸਬੰਸੀ ਸ੍ਰੀਮਾਨ ਬੇਦੀ ਸ਼ਿਵ ਸਿੰਘ ਜੀ ਇੰਜੀਨੀਅਰ ਇਨਚਾਰਜ ਚੀਫ ਖਾਲਸਾ ਦੀਵਾਲ ਸੇਵਾ ਵਰਕਸ ਗੁਰਦ੍ਵਾਰਾ ਕਰਤਾਰਪੁਰ ਵੱਲੋਂ ਆਈਆਂ ਰੀਪੋਟਾਂ ਪੰਥ ਦੀ ਸੇਵਾ ਵਿਚ ਪ੍ਰਕਾਸ਼ਤ ਕੀਤੀਆਂ ਜਾ ਚੁਕੀਆਂ ਹਨ। ਗੁਰਦ੍ਵਾਰੇ ਦੀ ਹਿਫਾਜਤ ਸਬੰਧੀ ਬਨਾਏ ਹੋਏ ਬੰਨ ਸਤਿਗੁਰਾਂ ਦੀ ਕ੍ਰਿਪਾ ਨਾਲ ਅਡੋਲ ਹਨ ਅਤੇ ਦਰਯਾ ਦਾ ਰੁਖ ਦੂਸਰੀ ਤਰਫ ਬਦਲ ਰਿਹਾ ਹੈ।

ਹੁਣ ਬੇਦੀ ਸ਼ਿਵ ਸਿੰਘ ਜੀ ਇੰਜੀਨੀਅਰ ਇਨਚਾਰਜ ਚੀਫ ਖਾਲਸਾ ਦੀਵਾਨ ਸੇਵਾ ਵਰਕਸ ਜੀ ਆਪਨੀ ਰੀਪੋਟ ਵਿਚ ਲਿਖਦੇ ਹਨ ਕਿ ਉਸ ਤੋਂ ਪਿਛੋਂ 2-8-20 ਨੂੰ ਜੇਹੜਾ ਹੜ ਆਇਆ ਹੈ ਉਸਦੇ ਅਸਰ ਨਾਲ ਦਰਯਾ ਮੁੜ ਏਸੇ ਪਾਸੇ ਉਲਟ ਆਇਆ ਹੈ ਅਤੇ ਪਾਣੀ ਦਾ ਜ਼ੋਰ ਬੰਨ ਦੇ ਨਾਲ ਹੋ ਗਿਆ। ਬੰਨ ਸਤਿਗੁਰਾਂ ਦੀ ਕ੍ਰਿਪਾ ਨਾਲ ਕਾਇਮ ਹਨ।

ਹੁਣ ਯੋਗ ਇਹ ਸਮਝਕੇ ਕੇ ਪ੍ਰਮਾਨੰਦ ਸਕੀਮ ਦਾ ਕੰਮ ਜਾਰੀ ਕੀਤਾ ਜਾਵੇ ਸਤਿਗੁਰੂ ਦੀ ਓਟ ਲੈ ਕੇ ਜਾਰੀ ਕੀਤਾ ਗਿਆ ਹੋਇਆ ਹੈ ਅਤੇ ਗੁਰਦ੍ਵਾਰੇ ਦੇ ਗਿਰਦ ਪਥਰ ਸੁਟਿਆ ਜਾ ਰਿਹਾ ਹੈ। ਇਸ ਕੰਮ ਤੇ ਜਿਸ ਕਦਰ ਰੁਪਯਾ ਪਹੁੰਚਦਾ ਰਹੇਗਾ ਉਸਦੇ ਮੁਤਾਬਕ ਕੰਮ ਕੀਤਾ ਜਾਵੇਗਾ।

ਦਾਸ— ਗੁ: ਸਿੰਘ ਵਾ: ਸੁਪ੍ਰੰਟੰਡੰਟ ਦਫਤ੍ਰ— ਚੀਫ ਖਾਲਸਾ ਦੀਵਾਨ

## ਗੁਰਦੁਆਰਾ ਰਕਾਬ ਗੰਜ ਦਿੱਲੀ ਤੇ ਉਸਦੀ ਪੁਰਾਣੀ ਦੀਵਾਰ

14 ਅਗਸਤ, 1920 ਵਾਲੀ ਚਿੱਠੀ ਜਿਸਦੇ ਨਾਲ ਇਕ ਨਕਸ਼ਾ ਗੁਰਦੁਆਰਾ ਰਕਾਬ ਗੰਜ ਸਾਹਬ ਦੀ ਬਾਹਰ ਵਾਲੀ ਦੀਵਾਰ ਦਾ ਵੀ ਸੀ ਦੇ ਪਿੱਛੋਂ ਕੱਲ ਚੀਫ ਇੰਜੀਨੀਅਰ ਸਾਹਿਬ ਦਿੱਲੀ ਦੇ ਨਾਲ ਦੀਵਾਰ ਮਜ਼ਕੂਰ ਦੀ ਬਾਬਤ ਜ਼ਿਕਰ ਹੋਕੇ ਫੈਸਲਾ ਹੋ ਗਿਆ ਹੈ ਕਿ ਚੀਫ ਇੰਜੀਨੀਅਰ ਸਾਹਿਬ ਦੀਵਾਰ ਡੀ.ਈ. ਨੂੰ ਹੋਰ ਪਿੱਛੇ ਹਟਾ ਦੇਣਗੇ, ਜਿਸ ਨਾਲ ਪੁਰਾਣੀ ਦੀਵਾਰ ਦੀ ਥਾਂ ਤੋਂ ਨਵੀਂ ਦੀਵਾਰ ਹੋਰ ਵੀ ਹਟ ਜਾਵੇਗੀ ਅਤੇ ਉਹਨਾਂ ਨੇ ਨਾਲ ਹੀ ਇਸ ਗੱਲ ਦੀ ਵੀ ਪ੍ਰਵਾਨਗੀ ਦੇ ਦਿੱਤੀ ਹੈ ਕਿ ਸਿੱਖ ਪੁਰਾਣੀ ਦੀਵਾਰ ਬਣਾ ਲੈਣ, ਉਸ ਵਿਚ ਉਹਨਾਂ ਨੂੰ ਕੋਈ ਇਤ੍ਰਾਜ਼ ਨਹੀਂ ਹੋਵੇਗਾ।

ਸੋ ਖਾਲਸਾ ਜੀ ਨੂੰ ਹੁਣ ਦੀਵਾਰ ਦੀ ਬਾਬਤ ਸਾਰੀਆਂ ਔਕੜਾਂ ਹੱਲ ਹੋ ਗਈਆਂ ਹਨ, ਜਿਸ ਵਾਸਤੇ ਸਾਨੂੰ ਗਵਰਨਮਿੰਟ ਦਾ ਧੰਨਵਾਦ ਕਰਨਾ ਚਾਹੀਦਾ ਹੈ। ਸ਼ੁਕਰ ਹੈ ਓਸ ਅਕਾਲ ਪੁਰਖ ਦਾ ਜਿਸਨੇ ਫੌਜੀ ਮੈਹਕਮੇਂ ਵਿਚ ਕ੍ਰਿਪਾਨ ਦੀ ਖੁਲ੍ਹ ਵੀਚਾਰ ਕੇ ਇਸ ਮੁਆਮਲੇ ਵਿਚ ਵੀ ਖਾਲਸਾ ਜੀ ਦੀ ਜਿੱਤ ਕੀਤੀ ਹੈ, ਹੁਣ ਕੋਈ ਇਤ੍ਰਾਜ਼ ਵਾਲੀ ਗੱਲ ਬਾਕੀ ਨਹੀਂ।

ਦਾਸ— ਸ਼ਿਵਦੇਵ ਸਿੰਘ ਜਾ: ਸਕੱਤ੍ਰ, ਖਾਲਸਾ ਦੀਵਾਨ, ਦਿੱਲੀ

## ਪੁਲਿਸ ਅਫ਼ਸਰ ਸੰਦੀਪ ਸਿੰਘ ਦੇ ਨਾਂ ਤੇ ਅਮਰੀਕਾ ’ਚ ਰੱਖਿਆ ਜਾਵੇਗਾ ਡਾਕਖਾਨੇ ਦਾ ਨਾਂ



ਅਮਰੀਕਾ ਦੀ ਪ੍ਰਤੀਨਿਧ ਸਭਾ ਨੇ ਸਰਬਸੰਮਤੀ ਨਾਲ ਹਿਊਸਟਨ ਦੇ ਇਕ ਪੋਸਟ ਆਫ਼ਿਸ ਦਾ ਨਾਂ ਸਾਲ ਪਹਿਲਾਂ ਡਿਊਟੀ ਦੌਰਾਨ ਗੋਲੀ ਲੱਗਣ ਨਾਲ ਸ਼ਹੀਦ ਹੋਏ ਸਿੱਖ ਡਿਪਟੀ ਸੰਦੀਪ ਸਿੰਘ ਧਾਲੀਵਾਲ ਦੇ ਨਾਂ ਤੇ ਰੱਖਣ ਸੰਬੰਧੀ ਮਤਾ ਪਾਸ ਕੀਤਾ ਹੈ। ਸੰਦੀਪ ਸਿੰਘ ਹੈਰਿਸ ਕਾਊਂਟੀ ਸ਼ੈਰਿਫ਼ ਦੇ ਦਫ਼ਤਰ ’ਚ ਕੰਮ ਕਰਨ ਵਾਲਾ ਪਹਿਲਾ ਸਿੱਖ ਸੀ। ਟੈਕਸਸ ਪੁਲਿਸ ’ਚ ਤੈਨਾਤ ਸੰਦੀਪ ਸਿੰਘ (42) ਦਾ 27 ਸਤੰਬਰ, 2019 ਨੂੰ ਡਿਊਟੀ ਦੌਰਾਨ ਕਤਲ ਹੋ ਗਿਆ ਸੀ। ਇਸ ਸੰਬੰਧੀ ਅਮਰੀਕੀ ਮਹਿਲਾ ਆਗੂ ਲਿਜ਼ੀ ਫਲੈਚਰ ਨੇ ਸੰਦੀਪ ਸਿੰਘ ਨੂੰ ਅਮਰੀਕੀ ਸਮਾਜ ਲਈ ਇਕ ਆਦਰਸ਼ ਦੱਸਦਿਆਂ ਕਿਹਾ ਕਿ ਉਸ ਨੇ ਆਪਣੇ ਭਾਈਚਾਰੇ ਵੱਲੋਂ ਸਰਵੋਤਮ ਸੇਵਾ ਕੀਤੀ ਹੈ ਅਤੇ ਉਸਦੀ ਕੀਤੀ ਸੇਵਾ ਦੀ ਯਾਦ ’ਚ ਹੀ ਇਕ ਪੋਸਟ ਆਫ਼ਿਸ ਦਾ ਨਾਂ ਉਸਦੇ ਨਾਂ ਤੇ ਰੱਖਣ ਦਾ ਮਤਾ ਪਾਸ ਕੀਤਾ ਗਿਆ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਖਾਈ ਛਪਾਈ ਵਿਚ ਪਦ-ਛੇਦ ਨਹੀਂ ਕਰਨਾ

ਜੋ ਪੰਚ ਖਾਲਸਾ ਦੀਵਾਨ, ਭਸੌੜ ਨੇ ਪਦਛੇਦ ਸ੍ਰੀ ਗੁਰੂ ਗ੍ਰੰਥ ਸਾਹਿਬ ਛਪਵਾਣਾ ਹੈ, ਅਤੇ ਪੰਜਾਬ ਦੇ ਖਾਸ ਖਾਸ ਪਤਵੰਤੇ ਵਿਦਵਾਨ ਸਿੱਖ ਵੀਰਾਂ ਤੋਂ ਉਪ੍ਰੋਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੁਧਾਈ ਦੀ ਜ਼ਰੂਰਤ ਰਖਦਾ ਹੈ, ‘ਤੱਤ ਖਾਲਸਾ ਦੀਵਾਨ’ ਸੈਲੰਗੋਰ ਮਲਾਯਾ ਦੇ ਇੱਕ ਉਚੇਚੇ ਸਮਾਗਮ ਵਿੱਚ ਜੋ 3 ਜੁਲਾਈ ਸੰਨ 1920 ਦਿਨ ਸ਼ਨੀਚਰ, ਕੁਆਲਾ ਲੰਪ੍ਰ ਪਾਹੰਗ ਰੋਡ ਨੰ: 13 ਵਿਖੇ ਭਾਈ ਸਾਹਿਬ ਭਾਈ ਵਰਯਾਮ ਸਿੰਘ ਜੀ ਦੀ ਪ੍ਰਧਾਨਗੀ ਵਿੱਚ ਹੋਇਆ, ਉਪ੍ਰੋਕਤ ਧਾਰਮਕ ਮੁਆਮਲੇ ਪਰ ਵਿਚਾਰ ਹੋਈ ਅਤੇ ਸਰਬ ਸੰਮਤੀ ਨਾਲ ਪਾਸ ਹੋਇਆ ਕਿ ਪੰਚ ਖਾਲਸਾ ਦੀਵਾਨ ਭਸੌੜ ਦੀ ਇਹ ਸੇਵਾ ਪੰਥ ਵਿੱਚ ਦੋਬਾਰਾ ਹਿਲਜੁਲੀ ਮਚਾਨਾ ਹੈ, ਸੋ ਅਖਬਾਰਾਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਖਾਈ-ਛਪਾਈ ਵਿੱਚ ਪਦਛੇਦ ਕਰਨ ਪਰ ਵਰੋਧਤਾ ਪ੍ਰਗਟ ਕੀਤੀ ਜਾਵੇ।

ਅਸੀਂ ਪਰਦੇਸਾਂ ਦੇ ਵਸਨੀਕ ਪੰਥ ਦੇ ਧਾਰਮਕ, ਵਿਵਹਾਰਕ ਅਤੇ ਰਾਜਸੀ ਕੰਮਾਂ ਵਿਚ ਦੇਸ ਨਵਾਸੀ ਵੀਰਾਂ ਨਾਲ ਬਹੁਤ ਘਟ ਹਿੱਸਾ ਲੈ ਸਕਦੇ ਹਾਂ, ਜਿਸਦੇ ਕਾਰਨ ਅਸਾਂ ਨੂੰ ਖਾਸ ਖਾਸ ਦੇਸੀ ਪੰਥਕ ਮਾਮਲਿਆਂ ਦੀਆਂ ਬਹੁਤ ਪਛੇਤੀਆਂ ਖਬਰਾਂ ਮਿਲਨਾ ਹੈ ਅਸੀਂ ਦੂਰ ਬੈਠੇ ਕਿਸੇ ਮਾਮਲੇ ਨੂੰ ਅੱਖੀਂ ਦੇਖ ਅਤੇ ਜ਼ਬਾਨੀ ਸੋਧਨ ਵਿੱਚ ਹਿੱਸਾ ਨਹੀਂ ਲੈ ਸਕਦੇ ਪਰੰਤੂ ਕਲਮ ਦੁਆਰਾ ਭਾਵੇਂ ਕਿਤਨੀ ਦੁਹਾਈ ਪਾਹਰਿਆ ਕਰ ਲਈਏ, ਪਰ ਬਗੈਰ ਕਿਸੀ ਫਾਇਦੇਮੰਦ ਸਿੱਟੇ ਤੋਂ।

ਅਸੀਂ ਪੰਥ ਦੇ ਸ਼ੁਭਚਿੰਤਕ ਵਿਦਵਾਨਾਂ ਦੀਆਂ ਉਪ੍ਰੋਕਤ ਪੰਥਕ ਮੁਆਮਲੇ ਸਬੰਧੀ ਰੈਆਂ ਸਿੱਧੀਆਂ ਦੀਵਾਨ ਦੇ ਦਫਤ੍ਰ ਵਿਚ ਮੰਗਦੇ ਹਾਂ, ਜੋ ਪੂਰਨ ਭਰੋਸਾ ਹੈ ਆਪ ਹਰ ਪ੍ਰਕਾਰ ਇਸ ਬਿਨੈ ਨੂੰ ਪ੍ਰਵਾਨ ਕਰਦੇ ਹੋਏ ਐਸੀ ਚਿੱਠੀਆਂ ਦੀ ਸਿੱਧੀ ਤਸੱਲੀ ਬਖਸ਼ ਡਾਕ ਜਾਰੀ ਕਰ ਦਿਓਗੇ।

ਦਾਸ— ਬੁਧ ਸਿੰਘ ਸਕੱਤ੍ਰ, ਤੱਤ ਖਾਲਸਾ ਦੀਵਾਨ, (ਸੈਲੰਗੋਰ) ਮਲਾਯਾ

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੬੩, ਸੰਥਚਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੭੮}

ਵਡਹੰਸੁ ਮਹਲਾ ੫, ਚਉਪਦਾ ੭-੨੨ ੴ ਸਤਿਗੁਰ ਪ੍ਰਸਾਦਿ॥

| ਮੂਲ | ਅਰਥ |
|---|---|
| ਵਡਹੰਸੁ ਮਹਲਾ ੫॥ ਵਿਸਰੁ ਨਾਹੀ ਪ੍ਰਭ ਦੀਨ ਦਇਆਲਾ॥ ਤੇਰੀ ਸਰਣਿ ਪੂਰਨ ਕਿਰਪਾਲਾ॥੧॥ਰਹਾਉ॥ | ਹੇ ਗ਼ਰੀਬਾਂ ਤੇ ਕਿਰਪਾਲ ਪ੍ਰਭੂ! (ਸਾਨੂੰ) ਵਿਸਰ ਨਾ। ਹੇ ਪੂਰੇ ਦਿਆਲੂ! (ਅਸੀਂ) ਤੇਰੀ ਸ਼ਰਣ (ਪਏ) ਹਾਂ॥੧॥ਰਹਾਉ॥ |
| ਜਹ ਚਿਤਿ ਆਵਹਿ ਸੋ ਥਾਨੁ ਸੁਹਾਵਾ॥ ਜਿਤੁ ਵੇਲਾ ਵਿਸਰਹਿ ਤਾ ਲਾਗੈ ਹਾਵਾ॥੧॥ | (ਤੂੰ) ਜਿੱਥੇ ਯਾਦ ਆਵੇਂ ਉਹੀ ਸੁਹਾਉਣਾ ਥਾਂ ਹੈ, (ਤੇ ਉਸ) ਵੇਲੇ ਜਿਸ ਵਿਚ (ਤੂੰ) ਵਿਸਰ ਜਾਵੇਂ (ਸਾਨੂੰ) ਹਾਵਾ (ਪੱਛੋਤਾਵਾ) ਲਗਦਾ ਹੈ॥੧॥ |
| ਤੇਰੇ ਜੀਅ ਤੂ ਸਦ ਹੀ ਸਾਥੀ॥ ਸੰਸਾਰ ਸਾਗਰ ਤੇ ਕਢੁ ਦੇ ਹਾਥੀ॥੨॥ | (ਅਸੀਂ) ਤੇਰੇ (ਸਾਜੇ) ਜੀਵ ਹਾਂ (ਤੇ) ਤੂੰ (ਸਦਾ) ਅੰਗ ਸੰਗ ਹੈਂ, (ਸਾਨੂੰ) ਸੰਸਾਰ (ਰੂਪੀ) ਸਮੁੰਦਰ ਤੋਂ (ਆਪਣਾ) ਹਥ ਦੇਕੇ ਕੱਢ ਲੈ॥੨॥ |
| ਆਵਣੁ ਜਾਣਾ ਤੁਮ ਹੀ ਕੀਆ॥ ਜਿਸੁ ਤੂ ਰਾਖਹਿ ਤਿਸੁ ਦੂਖੁ ਨ ਥੀਆ॥੩॥ | ਜਨਮ-ਮਰਨ ਤੁਸਾਂ ਹੀ ਰਚਿਆ ਹੈ, (ਪਰ) ਜਿਸ ਨੂੰ ਤੂੰ ਆਪ ਰੱਖ ਲੈਂਦਾ ਹੈਂ ਉਸ ਨੂੰ (ਫੇਰ ਜਨਮ ਮਰਨ ਆਦਿ) ਦੁੱਖ ਨਹੀਂ ਹੁੰਦਾ॥੩॥ |
| ਤੂ ਏਕੋ ਸਾਹਿਬੁ ਅਵਰੁ ਨ ਹੋਰਿ॥ ਬਿਨਉ ਕਰੈ ਨਾਨਕੁ ਕਰ ਜੋਰਿ॥੪॥੭॥ | (ਸਾਡਾ) ਮਾਲਕ ਤੂੰ ਹੀ ਹੈਂ (ਜੋ) ਇੱਕੋ ਹੈਂ, ਦੂਜਾ ਹੋਰ (ਕੋਈ) ਹੈ ਨਹੀਂ, ਨਾਨਕ ਹੱਥ ਜੋੜ ਕੇ ਬੇਨਤੀ ਕਰਦਾ ਹੈ (ਕਿ 'ਸੰਸਾਰ ਸਾਗਰ ਤੇ ਕਢੁ ਦੇ ਹਾਥੀ')॥੪॥੭॥ |

## Vision of Truth

Society has met to pay tribute to the great Master.

As a teacher of unity of religion Guru Nanak stands apart.

You will realise, that approach of Mahabharata was artistic with all the aesthetic devices and artifices of literary drama. The approach of Ashoka was moral. The approach of Guru Nanak was psychological. It was the imparting of truth, in its ethical, metaphysical, and human aspects. The teachers that followed Guru Nanak had different approaches. Abdul Fazal's approach was political. The approach of Bengal unitarians was pragmatic taking the very complexion of the Christian Church as a defensive mechanism which provide the impulse. The approach of Theosophy is intellectual.

Regarding Mahatma Gandhi's work, posterity alone would be competent to judge and assess its true value. I can only say that in its composite nature it has followed the pattern of multiplex cohesion set forth in the Guru Granth. I can further say with confidence whatever destiny may have in store toward shaping the cultural fusion in India, Guru Granth would always be looked upon as the becon light the flame of which glows all the more whiter because of the blending of the multilateral beams of diverse hues.

**Presidential Address by Dr. Balbir Singh at a meeting arranged by the Theosophical Society, Dehradun on 24.11.1950 in honour of Guru Nanak's birthday.*

**-Editor**

✧ ✧ ✧ ✧ ✧

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਪਰਮਜੀਤ ਸਿੰਘ ਜੱਜ ਦੇ ਨਾਵਲ 'ਪੜਤਾਲ' ਤੇ ਹੋਈ ਆਨਲਾਈਨ ਚਰਚਾ

ਨਵੀਂ ਦਿੱਲੀ, 19 ਸਤੰਬਰ 2020 : ਨੈਸ਼ਨਲ ਇੰਸਟੀਟਿਊਟ ਆਫ਼ ਪੰਜਾਬ ਸਟੱਡੀਜ਼, ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਮਹੀਨਾਵਾਰ ਗੋਸਟਿ ਦੇ ਅੰਤਰਗਤ ਇਸ ਵਾਰ ਪ੍ਰਮੁੱਖ ਸਮਾਜਸ਼ਾਸਤ੍ਰੀ ਅਤੇ ਨਾਵਲਕਾਰ ਪਰਮਜੀਤ ਸਿੰਘ ਜੱਜ ਦੇ ਛੇਵੇਂ ਨਾਵਲ **ਪੜਤਾਲ** ਤੇ ਆਨਲਾਈਨ ਚਰਚਾ ਦਾ ਆਯੋਜਨ ਕੀਤਾ ਗਿਆ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਾਬਕਾ ਪ੍ਰੋਫ਼ੈਸਰ ਡਾ. ਸੁਰਿੰਦਰ ਕੁਮਾਰ ਦੇਵੇਸ਼ਵਰ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੰਜਾਬੀ ਵਿਭਾਗ ਤੋਂ ਹੀ ਡਾ. ਸਰਬਜੀਤ ਸਿੰਘ ਨੇ ਇਸ ਪੁਸਤਕ ਉਪਰ ਸਮੀਖਿਆ-ਵਿਚਾਰ ਰੱਖੇ। ਇਸ ਦਾ ਸੰਚਾਲਨ ਦੇਸ਼ਬੰਧੂ ਕਾਲਜ, ਦਿੱਲੀ ਦੇ ਪ੍ਰੋਫ਼ੈਸਰ ਡਾ. ਮੁਨੀਸ਼ ਕੁਮਾਰ ਨੇ ਕੀਤਾ ਅਤੇ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋਫ਼ੈਸਰ ਡਾ. ਰਵੇਲ ਸਿੰਘ ਅਤੇ ਲੇਖਕ ਪਰਮਜੀਤ ਸਿੰਘ ਜੱਜ ਵੀ ਇਸ ਚਰਚਾ 'ਚ ਸ਼ਾਮਿਲ ਹੋਏ। ਪ੍ਰੋਗਰਾਮ ਦਾ ਆਰੰਭ ਕਰਦਿਆਂ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸਭ ਨੂੰ ਜੀਓ-ਆਇਆਂ ਕਹਿੰਦਿਆਂ ਸਦਨ ਦੀਆਂ ਪਿਛਲੇ ਵਰ੍ਹੇ ਤੋਂ ਲੜੀਵਾਰ ਚਲ ਰਹੀਆਂ ਸਾਹਿਤਕ ਗਤੀਵਿਧੀਆਂ ਤੇ ਚਾਨਣਾ ਪਾਇਆ। ਉਪਰੰਤ ਡਾ. ਰਵੇਲ ਸਿੰਘ ਨੇ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਪੁਸਤਕ ਸੰਬੰਧੀ ਜਾਣਕਾਰੀ ਪਾਠਕਾਂ ਨਾਲ ਸਾਂਝੀ ਕੀਤੀ। ਉਨ੍ਹਾਂ ਅਨੁਸਾਰ ਹੁਸ਼ਿਆਰਪੁਰ ਦੇ ਜੱਟਾਂ ਸੰਬੰਧੀ ਮਨੋਵਿਗਿਆਨਕ ਅਧਿਐਨ ਪੇਸ਼ ਕਰਦਾ ਇਹ ਨਾਵਲ ਮੁੱਖ ਰੂਪ 'ਚ ਆਪਣੇ ਕੇਂਦਰੀ ਪਾਤਰ ਦੇ ਕਤਲ ਦੀ ਪੜਤਾਲ ਨਾਲ ਸੰਬੰਧਿਤ ਹੈ। ਨਾਵਲ ਸੰਬੰਧੀ ਬੋਲਦਿਆਂ ਡਾ. ਦੇਵੇਸ਼ਵਰ ਨੇ ਨਾਵਲ ਦੇ ਪਿਛੋਕੜ ਤੋਂ ਆਪਣੀ ਗੱਲ ਸ਼ੁਰੂ ਕੀਤੀ। ਉਨ੍ਹਾਂ ਨਾਵਲੀ ਪਰੰਪਰਾ ਦਾ ਜ਼ਿਕਰ ਕਰਨ ਤੋਂ ਬਾਅਦ ਇਸ ਨਾਵਲ ਦੇ ਯਥਾਰਥ, ਕੇਂਦਰੀ ਪਾਤਰ ਅਮਰੀਕ ਸਿੰਘ ਅਤੇ ਤਫ਼ਤੀਸ਼ 'ਚ ਲੱਗੇ ਆਦਰਸ਼ਕ ਪੁਲਿਸ ਅਫ਼ਸਰ ਦੀ ਭੂਮਿਕਾ ਉੱਤੇ ਮੌਜੂਦਾ ਯਥਾਰਥਕ ਹਾਲਾਤ ਦੇ ਪੱਖੋਂ ਭਰਪੂਰ ਟਿੱਪਣੀ ਕੀਤੀ। ਡਾ. ਸਰਬਜੀਤ ਸਿੰਘ ਨੇ ਇਸਦੇ ਵਿਰਲੇ ਯਥਾਰਥ ਅਤੇ ਵਿਰਲੇ ਪਾਤਰਾਂ ਦੀ ਹੋਂਦ ਨੂੰ ਸਮਾਜਗਤ ਪੱਧਰ ਤੇ ਸਵੀਕਾਰਦਿਆਂ ਇਸ ਨਾਵਲ 'ਚ ਅਣਖ ਨਾਲ ਜੁੜੇ ਕਤਲਾਂ ਸੰਬੰਧੀ ਤਫਤੀਸ਼ ਨਾਲ ਜ਼ਿਕਰ ਕੀਤਾ। ਉਨ੍ਹਾਂ ਅਨੁਸਾਰ ਇਸ ਨਾਵਲ ਨੇ ਸਮਾਜ ਦੇ ਅੰਤਰਵਿਰੋਧਾਂ ਨੂੰ ਬਹੁਤੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਉਪਰੰਤ ਰਚਨਾਕਾਰ ਪਰਮਜੀਤ ਸਿੰਘ ਜੱਜ ਨੇ ਆਪਣੇ ਨਾਵਲ ਬਾਰੇ ਹੋਈ ਪੁਸਤਕੀ ਚਰਚਾ ਤੇ ਟਿੱਪਣੀ ਕਰਦਿਆਂ ਕਿਹਾ ਕਿ ਨਾਵਲਕਾਰ ਕਦੇ ਵੀ ਸਥਾਪਿਤ ਨਾਵਲੀ ਨੇਮਾਂ ਨੂੰ ਧਿਆਨ 'ਚ ਰੱਖਦਿਆਂ ਨਾਵਲ ਨਹੀਂ ਲਿਖਦਾ। ਉਹ ਤੇ ਸਮਾਜ ਤੋਂ ਪ੍ਰਾਪਤ ਹੋਏ ਅਨੁਭਵ ਨੂੰ ਆਪਣੇ ਹਿਸਾਬ ਨਾਲ ਨਾਵਲੀ ਸੰਰਚਨਾ 'ਚ ਢਾਲਦਾ ਹੈ। ਇਸ ਨਾਵਲ ਵਿਚਲਾ ਵਿਰਲਾ ਯਥਾਰਥ ਅਤੇ ਵਿਰਲੇ ਪਾਤਰ ਸਾਡੇ ਸਮਾਜ ਦਾ ਹਿੱਸਾ ਹਨ। ਉਨ੍ਹਾਂ ਅਨੁਸਾਰ ਉਨ੍ਹਾਂ ਦੇ ਨਾਵਲਾਂ 'ਚ ਨਾ ਕੋਈ ਨਾਇਕ ਹੁੰਦਾ ਹੈ, ਨਾ ਕੇਂਦਰੀ ਪਾਤਰ, ਉਹ ਤੇ ਆਪਣੇ ਨਾਵਲਾਂ ਰਾਹੀਂ ਸਮਾਜ 'ਚ ਹਾਸ਼ੀਏ ਤੇ ਵਿਚਰਦੇ ਪਾਤਰਾਂ ਦੀ ਗੱਲ ਕਰਦੇ ਹਨ ਤੇ ਇਸ ਲਈ ਉਹ ਕਿਸੇ ਖ਼ਾਸ ਪਾਤਰ ਨੂੰ ਚੁਣ ਕੇ ਆਪਣੀ ਨਾਵਲ ਦੀ ਰਚਨਾਬੁਣਤੀ ਘੜਦੇ ਹਨ।





ਅਖ਼ੀਰ 'ਚ ਪ੍ਰੋਗਰਾਮ ਦੇ ਸੰਚਾਲਕ ਡਾ. ਮੁਨੀਸ਼ ਨੇ ਪਾਠਕਾਂ ਦੇ ਸਵਾਲਾਂ ਨੂੰ ਲੇਖਕ ਨਾਲ ਸਾਂਝਿਆਂ ਕਰਦਿਆਂ ਪਹੁੰਚੇ ਵਕਤਿਆਂ, ਲੇਖਕ ਅਤੇ ਸਰੋਤਿਆਂ ਸਭ ਦਾ ਤਹਿਦਿਲੋਂ ਧੰਨਵਾਦ ਕੀਤਾ। ✧✧





